@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Thursday, 26 September 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 26 ਸਤੰਬਰ 2024, 11 ਅੱਸੂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 321, qpatrika@gmail.com ਫੋਨ : 9971359517 www.qaumipatrika.org

ਵਿਧਾਨ ਸਭਾ ਚੋਣਾਂ 'ਚ ਇਤਿਹਾਸ ਰਚ ਰਿਹੈ ਜੰਮੂ ਕਸ਼ਮੀਰ : ਰਾਜੀਵ ਕੁਮਾਰ

ਨਵੀਂ ਦਿੱਲੀ 25 ਸਤੰਬਰ। ਮੁੱਖ ਚੋਣ ਕਮਿਸਨਰ ਰਾਜੀਵ ਕੁਮਾਰ ਨੇ ਬੁੱਧਵਾਰ ਨੂੰ ਕਿਹਾ ਕਿ ਜੰਮੂ-ਕਸਮੀਰ 'ਚ 'ਇਤਿਹਾਸ' ਰਚਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਥਾਵਾਂ 'ਤੇ ਕਦੇ ਲੋਕਤੰਤਰੀ ਪ੍ਰਕਿਰਿਆ ਦਾ ਬਾਈਕਾਟ ਕਰਨ ਦੀ ਅਪੀਲ

ਕੀਤੀ ਜਾਂਦੀ ਸੀ, ਉੱਥੇ ਅੱਜ ਵੋਟਿੰਗ ਕੇਂਦਰਾਂ ਦੇ ਬਾਹਰ ਲੋਕ ਲੰਬੀਆਂ ਲਾਈਨਾਂ 'ਚ ਖੜ੍ਹੇ ਹਨ। ਕੇਂਦਰ ਸ਼ਾਸਿਤ ਪ੍ਰਦੇਸ਼ 'ਚ ਦੂਜੇ ਪੜਾਅ ਦੀਆਂ ਚੋਣਾਂ 'ਚ ਬੁੱਧਵਾਰ ਨੂੰ 26 ਵਿਧਾਨ ਸਭਾ ਖੇਤਰਾਂ 'ਚ ਹੋ ਰਹੀ ਵੋਟਿੰਗ ਦਰਮਿਆਨ ਕੁਮਾਰ ਨੇ ਇੱਥੇ ਕਿਹਾ ਕਿ ਇਸ ਪੜਾਅ ਦਾ 100 ਫੀਸਦੀ ਸੀ.ਸੀ.ਟੀ.ਵੀ. ਕਵਰੇਜ ਹੋ ਰਿਹਾ ਹੈ ਅਤੇ ਕੋਈ ਵੀ ਦੇਖ ਸਕਦਾ ਹੈ ਕਿ ਵੋਟ ਪਾਉਣ ਲਈ ਨੌਜਵਾਨ, ਔਰਤਾਂ, ਬਜ਼ੁਰਗ ਲਾਈਨਾਂ 'ਚ ਖੜ੍ਹੇ ਹਨ ਅਤੇ ਆਪਣੀ ਵਾਰੀ ਦਾ ਸਬਰ ਨਾਲ ਇੰਤਜਾਰ ਕਰ ਰਹੇ ਹਨ। ਮੁੱਖ ਚੋਣ ਕਮਿਸਨਰ ਨੇ ਆਪਣੇ ਸਾਥੀ ਚੋਣ ਕਮਿਸਨਰਾਂ ਗਿਆਨੇਸ ਕੁਮਾਰ ਅਤੇ ਸੁਖਬੀਰ ਸਿੰਘ ਸੰਧੂ ਦੀ ਮੌਜੂਦਗੀ 'ਚ ਕਿਹਾ,"ਇਹ ਲੋਕਤੰਤਰ ਦਾ ਤਿਉਹਾਰ ਹੈ। ਉਨ੍ਹਾਂ ਇਲਾਕਿਆਂ 'ਚ ਵੋਟਿੰਗ ਹੋ ਰਹੀ ਹੈ, ਜਿੱਥੇ ਪਹਿਲਾਂ ਵੋਟਿੰਗ ਨਹੀਂ ਹੋਈ ਸੀ... ਪਿਛਲੇ ਸਮੇਂ 'ਚ ਅੜਿੱਕੇ ਅਤੇ ਬਾਈਕਾਟ ਦੇ ਸੱਦੇ ਸਨ। ਇਹ (ਮੌਜੂਦਾ ਵੋਟਿੰਗ) ਲੋਕਤੰਤਰ ਲਈ ਉੱਚਿਤ ਸਨਮਾਨ ਹੈ।" ਚੋਣ ਪ੍ਰਕਿਰਿਆ ਵਿਚ ਵੋਟਰਾਂ ਦੀ ਉਤਸਾਹੀ ਭਾਗੀਦਾਰੀ ਦੀ ਪ੍ਰਸੰਸਾ ਕਰਦੇ ਹੋਏ ਕੁਮਾਰ ਨੇ ਕਿਹਾ ਕਿ ਜੰਮੂ-ਕਸਮੀਰ ਵਿਚ ਇਤਿਹਾਸ ਰਚਿਆ ਜਾ ਰਿਹਾ ਹੈ ਅਤੇ ਇਸ ਦਾ ਪ੍ਰਭਾਵ ਲੰਬੇ ਸਮੇਂ ਤੱਕ ਮਹਿਸੂਸ ਕੀਤਾ ਜਾਵੇਗਾ।

ਕਿਸਾਨਾਂ ਨੂੰ ਲੈ ਕੇ ਕਾਂਗਰਸ ਪ੍ਰਧਾਨ ਖੜਗੇ ਨੇ ਮੋਦੀ ਸਰਕਾਰ 'ਤੇ ਵਿੰਨ੍ਹੇ ਤਿੱਖੇ ਨਿਸ਼ਾਨੇ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 25 ਸਤੰਬਰ। ਘੱਟੋ-ਘੱਟ ਸਮਰਥਨ ਮੁੱਲ () ਸਮੇਤ ਹੋਰ ਮੁੱਦਿਆਂ ਨੂੰ ਲੈ ਕੇ ਕਿਸਾਨ ਸ਼ੰਭੂ ਬਾਰਡਰ 'ਤੇ ਡਟੇ ਹੋਏ ਹਨ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਬੁੱਧਵਾਰ ਨੂੰ ਭਾਰਤੀ ਜਨਤਾ ਪਾਰਟੀ ਦੀ ਸੰਸਦ ਮੈਂਬਰ ਕੰਗਨਾ ਰਣੌਤ ਦੀ ਟਿੱਪਣੀ 'ਤੇ ਬੁੱਧਵਾਰ ਨੂੰ ਦੋਸ ਲਾਇਆ ਕਿ ਸੱਤਾਧਾਰੀ ਪਾਰਟੀ ਦੇ ਰਗ-ਰਗ ਵਿਚ ਕਿਸਾਨ ਵਿਰੋਧੀ ਨਫਰਤ ਵਾਲੀ ਮਾਨਸਿਕਤਾ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਘੱਟੋ-ਘੱਟ ਸਮਰਥਨ ਮੁੱਲ () ਦੀ ਕਾਨੂੰਨੀ ਗਾਰੰਟੀ ਦੇ ਖਿਲਾਫ ਹੈ। ਦਰਅਸਲ ਕੰਗਣਾ ਨੇ ਮੰਗਲਵਾਰ ਨੂੰ ਕਿਹਾ ਸੀ ਕਿ ਜੋ ਖੇਤੀਬਾੜੀ ਕਾਨੂੰਨ ਰੱਦ ਕਰ ਦਿੱਤੇ ਗਏ ਹਨ, ਉਨ੍ਹਾਂ ਨੂੰ ਵਾਪਸ ਲਿਆਂਦਾ ਜਾਣਾ ਚਾਹੀਦਾ ਹੈ। ਖੜਗੇ ਨੇ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਇਹ ਵਿਵਾਦਗ੍ਰਸਤ ਹੋ ਸਕਦਾ ਹੈ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਮੋਦੀ ਸਰਕਾਰ 'ਤੇ ਚੁਟਕੀ ਲੈਂਦਿਆਂ 'ਐਕਸ' 'ਤੇ ਪੋਸਟ ਵਿਚ ਕਿਹਾ ਕਿ 750 ਕਿਸਾਨਾਂ ਦੀ ਸਹਾਦਤ ਤੋਂ ਬਾਅਦ ਵੀ ਕਿਸਾਨ ਵਿਰੋਧੀ ਭਾਜਪਾ ਅਤੇ ਮੋਦੀ ਸਰਕਾਰ ਨੂੰ ਆਪਣੇ ਘੋਰ ਅਪਰਾਧ ਦਾ ਅਹਿਸਾਸ ਨਹੀਂ ਹੋਇਆ! ਤਿੰਨ ਕਾਲੇ ਕਿਸਾਨ ਵਿਰੋਧੀ ਕਾਨੂੰਨਾਂ ਨੂੰ ਫਿਰ ਤੋਂ ਲਾਗੂ ਕਰਨ ਦੀ ਗੱਲ ਕੀਤੀ ਜਾ ਰਹੀ ਹੈ। ਕਾਂਗਰਸ ਪਾਰਟੀ ਇਸ ਦਾ ਸਖਤ ਵਿਰੋਧ ਕਰਦੀ ਹੈ। ਕਿਸਾਨਾਂ ਨੂੰ ਗੱਡੀ ਹੇਠਾਂ ਦਰੜਣ ਵਾਲੀ ਮੋਦੀ ਸਰਕਾਰ ਨੇ ਸਾਡੇ ਅੰਨਦਾਤਾ ਲਈ ਕੰਡਿਆਲੀ ਤਾਰਾਂ, ਡਰੋਨ ਨਾਲ ਹੰਝੂ ਗੈਸ, ਕੀਲਾਂ ਅਤੇ ਬੰਦੂਕਾਂ ਦਾ ਇਸਤੇਮਾਲ ਕੀਤਾ, ਇਹ ਭਾਰਤ ਦੇ 62

ਕਰੋੜ ਕਿਸਾਨ ਕਦੇ ਨਹੀਂ ਭੁੱਲਣਗੇ। ਇਸ ਵਾਰ ਹਰਿਆਣਾ ਸਮੇਤ ਸਾਰੇ ਚੋਣਾਵੀ ਸੂਬਿਆਂ ਤੋਂ ਕਿਸਾਨਾਂ 'ਤੇ ਖੁਦ ਪ੍ਰਧਾਨ ਮੰਤਰੀ ਵਲੋਂ ਸੰਸਦ ਵਿਚ ਕਿਸਾਨਾਂ ਨੂੰ "ਅੰਦੋਲਨਕਾਰੀ" ਅਤੇ "ਪਰਜੀਵੀ" ਦੱਸ ਕੇ ਕੀਤੀ ਗਈ ਅਪਮਾਨਜਨਕ ਟਿੱਪਣੀ ਦਾ ਢੁੱਕਵਾਂ ਜਵਾਬ ਮਿਲੇਗਾ। ਮੋਦੀ ਜੀ ਦੀ ਬਿਆਨਬਾਜੀ ਕਾਰਨ ਉਨ੍ਹਾਂ ਦੇ ਮੰਤਰੀਆਂ, ਸੰਸਦ ਮੈਂਬਰਾਂ ਅਤੇ ਪ੍ਰਚਾਰ ਤੰਤਰ ਨੂੰ ਕਿਸਾਨਾਂ ਦਾ ਅਪਮਾਨ ਕਰਨ ਦੀ ਆਦਤ ਪੈ ਗਈ ਹੈ। ਖੜਗੇ ਨੇ ਅੱਗੇ ਕਿਹਾ ਕਿ ਕਿਸਾਨ ਅੰਦੋਲਨ ਨੂੰ ਵਾਪਿਸ ਲੈਂਦੇ ਮੋਦੀ ਜੀ ਨੇ ਸਰਕਾਰੀ ਕਮੇਟੀ ਦਾ ਐਲਾਨ ਕੀਤਾ ਸੀ, ਉਹ ਅਜੇ ਠੰਡੇ ਬਸਤੇ ਵਿਚ ਹੈ। ਮੋਦੀ ਸਰਕਾਰ ਦੀ ਕਾਨੂੰਨੀ ਗਾਰੰਟੀ ਦੇ ਖਿਲਾਫ ਹੈ। ਸਹੀਦ ਕਿਸਾਨਾਂ ਦੇ ਪਰਿਵਾਰਾਂ ਨੂੰ ਕੋਈ ਰਾਹਤ ਨਹੀਂ ਦਿੱਤੀ ਗਈ। ਮੋਦੀ ਸਰਕਾਰ ਨੇ ਸੰਸਦ 'ਚ ਉਨ੍ਹਾਂ ਦੀ ਯਾਦ ਵਿਚ ਦੋ ਮਿੰਟ ਦਾ ਮੌਨ ਵੀ ਰੱਖਣਾ ਮੁਨਾਸਿਬ ਨਹੀਂ ਸਮਝਿਆ ਅਤੇ ਉੱਪਰੋਂ ਲਗਾਤਾਰ ਉਨ੍ਹਾਂ ਦਾ ਚਰਿੱਤਰ ਹਨਨ ਜਾਰੀ ਹੈ। ਪੂਰੇ ਦੇਸ ਨੂੰ ਪਤਾ ਲੱਗ ਗਿਆ ਹੈ ਕਿ ਭਾਜਪਾ ਦੀ ਰਗ-ਰਗ ਵਿਚ ਕਿਸਾਨ ਵਿਰੋਧੀ ਨਫਰਤ ਵਾਲੀ ਮਾਨਸਿਕਤਾ ਮੌਜੂਦ ਹੈ। ਦੱਸ ਦੇਈਏ ਕਿ 3 ਕਾਲੇ ਖੇਤੀ ਕਾਨੂੰਨਾਂ ਨੂੰ ਕਿਸਾਨਾਂ ਦਾ ਅੰਦੋਲਨ ਨਵੰਬਰ 2020 ਦੇ ਅਖੀਰ ਵਿਚ ਸ਼ੁਰੂ ਹੋਇਆ ਸੀ ਅਤੇ ਸੰਸਦ ਵਲੋਂ ਤਿੰਨੋਂ ਕਾਨੂੰਨਾਂ ਨੂੰ ਰੱਦ ਕਰਨ ਤੋਂ ਬਾਅਦ ਖਤਮ ਹੋਇਆ ਸੀ। ਇਹ ਕਾਨੂੰਨ ਜੂਨ 2020 ਵਿਚ ਲਾਗੂ ਹੋਏ ਅਤੇ ਨਵੰਬਰ 2021 ਵਿਚ ਰੱਦ ਕਰ ਦਿੱਤੇ ਗਏ।

2010 ਤੋਂ ਐੱਚ.ਆਈ.ਵੀ. ਦੇ ਨਵੇਂ ਮਾਮਲਿਆਂ 'ਚ 44 ਫੀਸਦੀ ਦੀ ਆਈ ਕਮੀ

ਨਵੀਂ ਦਿੱਲੀ 25 ਸਤੰਬਰ। ਕੇਂਦਰੀ ਸਿਹਤ ਰਾਜ ਮੰਤਰੀ ਅਨੁਪ੍ਰਿਯਾ ਪਟੇਲ ਨੇ ਬੁੱਧਵਾਰ ਨੂੰ ਕਿਹਾ ਕਿ 2010 ਤੋਂ ਬਾਅਦ ਐੱਚ.ਆਈ.ਵੀ. ਇਨਫੈਕਸ਼ਨ ਦੇ ਨਵੇਂ ਸਾਲਾਨਾ ਮਾਮਲਿਆਂ 'ਚ 44 ਫੀਸਦੀ ਦੀ ਕਮੀ ਆਈ ਹੈ। ਹਾਲਾਂਕਿ ਇਹ ਵਿਸਵ ਪੱਧਰੀ ਕਮੀ ਦਰ 39 ਫੀਸਦੀ ਤੋਂ ਵੱਧ ਹੈ। ਪਟੇਲ ਨੇ ਸੰਯੁਕਤ ਰਾਸਟਰ 'ਚ 'ਮੁੜ-ਜੀਵਤ ਬਹੁਪੱਖਵਾਦ: ਏਡਜ ਨੂੰ ਇਕੱਠੇ ਹੋ ਕੇ ਖਤਮ ਕਰਨ

ਲਈ ਮੁੜ-ਪ੍ਰਤੀਬੱਧਤਾ" ਵਿਸੇ 'ਤੇ ਆਯੋਜਿਤ ਇਕ ਉੱਚ ਪੱਧਰੀ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਇਹ ਜਾਣਕਾਰੀ ਸਾਂਝੀ ਕੀਤੀ। ਸਿਹਤ ਮੰਤਰਾਲੇ ਨੇ ਇਕ ਬਿਆਨ 'ਚ ਕਿਹਾ ਕਿ ਇਹ ਪ੍ਰੋਗਰਾਮ ਯੂ. ਐੱਨ. ਏਡਜ, ਗਲੋਬਲ ਫੰਡ ਅਤੇ ਪੀ.ਈ.ਪੀ.ਐੱਫ.ਏ.ਆਰ. ਵੱਲੋਂ ਆਯੋਜਿਤ ਕੀਤਾ ਗਿਆ ਸੀ। ਮੰਤਰੀ ਨੇ ਕਿਹਾ ਕਿ ਭਾਰਤ 2030 ਤੱਕ ਜਨ ਸਿਹਤ ਲਈ ਖਤਰਾ ਪੈਦਾ ਕਰਨ ਵਾਲੇ ਐੱਚਆਈਵੀ/ਏਡਜ ਨੂੰ ਖਤਮ ਕਰਨ ਦੇ ਸੰਯੁਕਤ ਰਾਸਟਰ ਦੇ ਟਿਕਾਊ ਵਿਕਾਸ ਟੀਚੇ ਨੂੰ ਪ੍ਰਾਪਤ ਕਰਨ ਲਈ ਵਚਨਬੱਧ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ ਉਸਨੇ ਐੱਚਆਈਵੀ/ਏਡਜ ਵਿਰੁੱਧ ਲੜਾਈ ਵਿੱਚ ਭਾਰਤ ਦੀ ਤਰੱਕੀ ਅਤੇ ਰਣਨੀਤੀਆਂ ਦੀ ਰੂਪ ਰੇਖਾ ਦੱਸੀ। ਇਸ ਵਿੱਚ ਰਾਸਟਰੀ ਏਡਜ ਅਤੇ ਐੱਸਟੀਡੀ ਕੰਟਰੋਲ ਪ੍ਰੋਗਰਾਮ (2021-2026) ਦਾ 5ਵਾਂ ਪੜਾਅ ਵੀ ਸਾਮਲ ਹੈ, ਜੋ ਭਾਰਤ ਸਰਕਾਰ ਦੁਆਰਾ ਪੂਰੀ ਤਰ੍ਹਾਂ ਫੰਡ ਕੀਤਾ ਗਿਆ ਹੈ।

ਐੱਨ.ਆਈ.ਏ. ਨੇ ਤਾਮਿਲਨਾਡੂ 'ਚ 11 ਸੱਕੀਆਂ ਦੇ ਘਰਾਂ 'ਤੇ ਮਾਰੇ ਛਾਪੇ

ਨਵੀਂ ਦਿੱਲੀ 25 ਸਤੰਬਰ। ਰਾਸਟਰੀ ਜਾਂਚ ਏਜੰਸੀ (ਐੱਨ.ਆਈ.ਏ.) ਨੇ ਇਸਲਾਮ ਵਿਰੋਧੀ ਲਹਿਰ ਦੀ ਯੋਜਨਾ ਬਣਾਉਣ ਵਾਲੇ ਪੈਨ-ਇਸਲਾਮਿਕ ਸੰਗਠਨ ਹਿਜਬ-ਉਤ-ਤਹਿਰੀਰ ਦੇ 11 ਸੱਕੀਆਂ ਦੇ ਘਰਾਂ 'ਤੇ ਮੰਗਲਵਾਰ ਤਾਮਿਲਨਾਡੂ 'ਚ ਛਾਪੇ ਮਾਰੇ। ਇਕ ਅਧਿਕਾਰਤ ਬਿਆਨ 'ਚ ਕਿਹਾ ਗਿਆ ਕਿ ਐੱਨ.ਆਈ.ਏ. ਦੇ ਅਧਿਕਾਰੀਆਂ ਨੇ ਚੇਨਈ, ਤੰਬਰਮ ਅਤੇ ਕੰਨਿਆਕੁਮਾਰੀ ਜ਼ਿਲ੍ਹਿਆਂ 'ਚ 11 ਸੱਕੀ ਵਿਅਕਤੀਆਂ ਦੇ ਘਰਾਂ 'ਤੇ ਛਾਪੇ ਮਾਰੇ ਤੇ ਡਿਜੀਟਲ ਡਿਵਾਈਸ, ਬੇਹਿਸਾਬੀ ਨਕਦੀ ਤੇ ਹਿਜਬ-ਉਤ-ਤਹਿਰੀਰ ਦੇ ਸਾਹਿਤ ਸਮੇਤ ਅਪਰਾਧਕ ਸਮੱਗਰੀ ਬਰਾਮਦ ਕੀਤੀ। ਐੱਨ. ਆਈ. ਏ. ਨੇ ਕਿਹਾ ਕਿ ਇਹ ਛਾਪੇਮਾਰੀ ਵੱਖ-ਵੱਖ ਸੋਸਲ ਮੀਡੀਆ ਹੈਂਡਲਾਂ ਰਾਹੀਂ ਅਸੰਤੁਸਟੀ ਪੈਦਾ ਕਰਨ ਤੇ ਵੋਟ ਪਾਉਣ ਦੇ ਅਧਿਕਾਰ ਦੀ ਵਰਤੋਂ ਕਰਨ ਵਿਰੁੱਧ ਮੁਹਿਮ ਚਲਾਉਣ ਦੇ ਮਾਮਲੇ ਦੀ ਜਾਂਚ ਦੇ ਹਿੱਸੇ ਵਜੋਂ ਕੀਤੀ ਗਈ। ਹਿਜਬ-ਉਤ-ਤਹਿਰੀਰ ਵੱਲੋਂ ਵੋਟ ਦੇਣ ਦੇ ਅਧਿਕਾਰ ਨੂੰ ਗੈਰ-ਇਸਲਾਮਿਕ ਜਾਂ 'ਹਰਾਮ' ਮੰਨਿਆ ਜਾਂਦਾ ਹੈ। ਰਾਸਟਰੀ ਜਾਂਚ ਏਜੰਸੀ ਅਨੁਸਾਰ ਹਿਜਬ-ਉਤ-ਤਹਿਰੀਰ ਇਕ ਕੱਟੜਪੰਥੀ ਸੰਗਠਨ ਹੈ

ਭਾਰਤ ਦੇ ਕਿਸੇ ਹਿੱਸੇ ਨੂੰ 'ਪਾਕਿਸਤਾਨ' ਨਹੀਂ ਕਿਹਾ ਜਾ ਸਕਦਾ : ਸੁਪਰੀਮ ਕੋਰਟ

ਨਵੀਂ ਦਿੱਲੀ, 25 ਸਤੰਬਰ। ਸੁਪਰੀਮ ਕੋਰਟ ਨੇ ਅਦਾਲਤਾਂ ਨੂੰ ਅਜਿਹੀਆਂ ਟਿੱਪਣੀਆਂ ਕਰਨ ਤੋਂ ਬਚਣ ਲਈ ਕਿਹਾ ਹੈ ਜਿਨ੍ਹਾਂ ਨੂੰ ਗਲਤ ਜਾਂ ਕਿਸੇ ਵਿਸੇਸ ਲਿੰਗ ਜਾਂ ਭਾਈਚਾਰੇ ਵਿਰੁੱਧ ਮੰਨਿਆ ਜਾ ਸਕਦਾ ਹੈ। ਭਾਰਤ ਦੇ ਕਿਸੇ ਵੀ ਹਿੱਸੇ ਨੂੰ 'ਪਾਕਿਸਤਾਨ' ਵੀ ਨਹੀਂ ਕਿਹਾ ਜਾ ਸਕਦਾ। ਸੁਪਰੀਮ ਕੋਰਟ ਨੇ ਬੁੱਧਵਾਰ ਅਦਾਲਤੀ ਕਾਰਵਾਈ ਦੌਰਾਨ ਕਰਨਾਟਕ ਹਾਈ ਕੋਰਟ ਦੇ ਇਕ ਜੱਜ ਦੀਆਂ ਕਥਿਤ ਇਤਰਾਜਯੋਗ ਟਿੱਪਣੀਆਂ ਨੂੰ ਲੈ ਕੇ ਸ਼ੁਰੂ ਕੀਤੇ ਗਏ ਕੇਸ ਨੂੰ ਬੰਦ ਕਰਦੇ ਹੋਏ ਇਹ ਸਖਤ ਟਿੱਪਣੀ ਕੀਤੀ। ਅਦਾਲਤ ਨੇ ਕਿਹਾ ਕਿ ਹਾਈ ਕੋਰਟ ਦੇ ਜੱਜ ਨੇ 21 ਸਤੰਬਰ ਨੂੰ 'ਖੁੱਲ੍ਹੀ ਅਦਾਲਤ' ਦੀ ਸੁਣਵਾਈ ਦੌਰਾਨ ਆਪਣੀ ਟਿੱਪਣੀ ਲਈ ਮੁਆਫੀ ਮੰਗੀ ਸੀ। ਚੀਫ ਜਸਟਿਸ ਡੀ. ਵਾਈ. ਚੰਦਰਚੂੜ ਦੀ ਅਗਵਾਈ ਵਾਲੇ ਪੰਜ ਜੱਜਾਂ ਦੇ ਬੈਂਚ ਨੇ ਕਿਹਾ ਕਿ ਕਿਉਂਕਿ ਜਸਟਿਸ ਸ੍ਰੀਸਾਨੰਦ ਇਸ ਤੋਂ ਪਹਿਲਾਂ ਚੱਲ ਰਹੀ ਕਾਰਵਾਈ ਲਈ ਧਿਰ ਨਹੀਂ ਸਨ, ਇਸ ਲਈ ਅਸੀਂ ਕਿਸੇ ਵੀ ਲਿੰਗ ਜਾਂ ਭਾਈਚਾਰੇ ਦੇ ਕਿਸੇ ਵੀ ਵਰਗ ਦੇ ਸਬੰਧ 'ਚ ਆਪਣੀ ਗੰਭੀਰ ਚਿੰਤਾ ਪ੍ਰਗਟ ਕਰਨ ਤੋਂ ਇਲਾਵਾ ਹੋਰ ਕੋਈ ਵੀ ਟਿੱਪਣੀ ਕਰਨ ਤੋਂ ਗੁਰੇਜ ਕਰਦੇ ਹਾਂ। ਸੁਪਰੀਮ ਕੋਰਟ ਨੇ ਇਕ ਮਾਮਲੇ 'ਚ ਅਦਾਲਤੀ ਕਾਰਵਾਈ ਦੌਰਾਨ ਮਹਿਲਾ ਵਕੀਲ ਵਿਰੁੱਧ ਟਿੱਪਣੀ ਤੇ ਇਕ ਹੋਰ ਮਾਮਲੇ 'ਚ ਬੈਂਗਲੂਰੂ 'ਚ ਮੁਸਲਿਮ ਬਹੁਗਿਣਤੀ ਵਾਲੇ ਇਲਾਕੇ ਨੂੰ ਕਥਿਤ ਤੌਰ 'ਤੇ 'ਪਾਕਿਸਤਾਨ' ਕਹਿਣ ਨੂੰ ਲੈ ਕੇ ਕਰਨਾਟਕ ਹਾਈ ਕੋਰਟ ਦੇ ਜੱਜ ਵੱਲੋਂ 20 ਸਤੰਬਰ ਨੂੰ ਕੀਤੀ ਗਈ ਟਿੱਪਣੀ ਦਾ ਖੁਦ ਨੋਟਿਸ ਲਿਆ ਸੀ।

ਕਾਂਗਰਸ ਨੂੰ ਵੋਟ ਪਾਉਣ ਦਾ ਮਤਲਬ ਹਰਿਆਣਾ ਦੇ ਵਿਕਾਸ ਨੂੰ ਦਾਅ 'ਤੇ ਲਾਉਣਾ: ਪ੍ਰਧਾਨ ਮੰਤਰੀ ਮੋਦੀ

ਏਜੰਸੀਆਂ

ਸੋਨੀਪਤ 25 ਸਤੰਬਰ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੁੱਧਵਾਰ ਨੂੰ ਕਾਂਗਰਸ 'ਤੇ ਤਿੱਖਾ ਹਮਲਾ ਕਰਦੇ ਹੋਏ ਕਿਹਾ ਕਿ ਜੇਕਰ ਪਾਰਟੀ ਗਲਤੀ ਨਾਲ ਵੀ ਸੱਤਾ 'ਚ ਆ ਗਈ ਤਾਂ ਇਹ ਸੂਬੇ ਨੂੰ ਬਰਬਾਦ ਕਰ ਦੇਵੇਗੀ। 5 ਅਕਤੂਬਰ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਗੁਹਾਨਾ 'ਚ ਇਕ ਰੈਲੀ ਨੂੰ ਸੰਬੋਧਿਤ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਕਾਂਗਰਸ ਨੂੰ ਵੋਟ ਦੇਣ ਦਾ ਮਤਲਬ ਹਰਿਆਣਾ ਦੀ ਸਥਿਰਤਾ ਅਤੇ ਵਿਕਾਸ ਨੂੰ ਦਾਅ 'ਤੇ ਲਾਉਣਾ ਹੈ। ਪ੍ਰਧਾਨ ਮੰਤਰੀ ਨੇ ਰਾਖਵੇਂਕਰਨ ਦੇ ਮੁੱਦੇ 'ਤੇ ਕਾਂਗਰਸ 'ਤੇ ਵੀ ਨਿਸਾਨਾ ਵਿੰਨ੍ਹਿਆ ਅਤੇ ਦੋਸ ਲਾਇਆ ਕਿ ਇਸ ਨੇ ਹਮੇਸਾ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਹੋਰ ਪੱਛੜੀਆਂ ਸ੍ਰੇਣੀਆਂ (ਓ.ਬੀ.ਸੀ.) ਨੂੰ ਭਾਗੀਦਾਰੀ ਤੋਂ ਵਾਂਝਾ ਰੱਖਿਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਸਾਹੀ ਪਰਿਵਾਰ 'ਚੋਂ ਜੋ ਵੀ ਪ੍ਰਧਾਨ ਮੰਤਰੀ ਬਣਿਆ ਹੈ, ਉਸ ਨੇ ਹਮੇਸਾ ਰਾਖਵੇਂਕਰਨ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ ਰਾਖਵੇਂਕਰਨ ਦਾ ਵਿਰੋਧ ਅਤੇ ਰਾਖਵੇਂਕਰਨ ਦੀ ਨਫਰਤ ਕਾਂਗਰਸ ਦੇ ਵਿਚ ਹੈ। ਬਾਬਾ ਸਾਹਿਬ ਅੰਬੇਡਕਰ ਨੇ ਦਲਿਤਾਂ

ਨੂੰ ਰਾਖਵਾਂਕਰਨ ਦਿੱਤਾ ਸੀ, ਨਹੀਂ ਤਾਂ ਓ. ਬੀ. ਸੀ. ਵਾਂਗ ਦਲਿਤਾਂ ਨੂੰ ਵੀ ਰਾਖਵੇਂਕਰਨ ਲਈ ਕਾਂਗਰਸ ਦੀ ਹਾਰ ਦੀ ਉਡੀਕ ਕਰਨੀ ਪੈਂਦੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਜਦੋਂ-ਜਦੋਂ ਵੀ ਕਾਂਗਰਸ ਸੱਤਾ ਤੋਂ ਦੂਰ ਹੋਈ ਹੈ, ਉਦੋਂ-ਉਦੋਂ ਗਰੀਬਾਂ ਨੂੰ, ਐਸ.ਸੀ., ਐਸ.ਟੀ ਅਤੇ ਓ.ਬੀ.ਸੀ. ਨੂੰ ਉਨ੍ਹਾਂ ਦਾ ਹੱਕ ਮਿਲਿਆ ਹੈ। ਜਦੋਂ ਵੀ ਕਾਂਗਰਸ ਦੀ ਸਰਕਾਰ ਰਹੀ ਹੈ, ਉਸ ਨੇ ਦਲਿਤਾਂ ਅਤੇ ਪਛੜੇ ਵਰਗਾਂ ਦੇ ਹੱਕ ਖੋਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਜਿਵੇਂ-ਜਿਵੇਂ ਹਰਿਆਣਾ 'ਚ ਵੋਟਾਂ ਦਾ ਦਿਨ ਨੇੜੇ ਆ ਰਿਹਾ ਹੈ, ਭਾਜਪਾ ਦਾ ਸਮਰਥਨ ਵਧਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੇ ਕਾਰਜਕਾਲ ਦੌਰਾਨ ਹਰਿਆਣਾ ਨੇ ਉਦਯੋਗ ਅਤੇ ਖੇਤੀ ਦੇ ਖੇਤਰ 'ਚ ਚੋਟੀ ਦੇ ਸੂਬਿਆਂ 'ਚ ਥਾਂ ਬਣਾਈ ਹੈ। ਉਨ੍ਹਾਂ ਕਿਹਾ ਕਿ ਅੱਜ ਦੁਨੀਆ ਦੀਆਂ ਵੱਡੀਆਂ ਕੰਪਨੀਆਂ ਭਾਰਤ 'ਚ ਫੈਕਟਰੀਆਂ ਲਗਾਉਣ ਵਿਚ ਦਿਲਚਸਪੀ ਲੈ ਰਹੀਆਂ ਹਨ। ਅੰਬੇਡਕਰ ਦਾ ਮੰਨਣਾ ਸੀ ਕਿ ਉਦਯੋਗ ਦਲਿਤਾਂ ਦੇ ਸਸਕਤੀਕਰਨ ਵਿਚ ਵੱਡੀ ਭੂਮਿਕਾ ਨਿਭਾਉਂਦੇ ਹਨ।

23 ਘਰਾਂ ਅਤੇ ਦੁਕਾਨਾਂ 'ਤੇ ਚੱਲਿਆ ਪ੍ਰਸ਼ਾਸਨ ਦਾ 'ਪ

ਜਲੰਧਰ 'ਚ ਅਮੋਨੀਆ ਗੈਸ ਲੀਕ ਮਾਮਲੇ 'ਚ ਪੁਲਸ ਦਾ ਵੱਡਾ ਐਕਸ਼ਨ

ਜਲੰਧਰ 25 ਸਤੰਬਰ। ਜਲੰਧਰ ਵਿਚ ਬੀਤੇ ਦਿਨ ਦੋਮੋਰੀਆ ਪੁੱਲ ਨੇੜੇ ਬਰਫ ਦੀ ਫੈਕਟਰੀ ਵਿਚ ਅਮੋਨੀਆ ਗੈਸ ਲੀਕ ਹੋਣ ਕਾਰਨ ਵੱਡਾ ਹਾਦਸਾ ਵਾਪਰ ਗਿਆ ਸੀ। ਇਸ ਹਾਦਸੇ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਸੀ। ਹੁਣ ਇਸ ਮਾਮਲੇ ਵਿਚ ਪੁਲਸ ਨੇ ਸਖਤ ਐਕਸ਼ਨ ਲੈਂਦੇ ਹੋਏ ਫੈਕਟਰੀ ਦੇ ਮਾਲਕ 'ਤੇ ਐੱਫ. ਆਈ. ਆਰ. ਦਰਜ ਕਰ ਲਈ ਹੈ ਜਦਕਿ ਦੋ ਘੰਟਿਆਂ ਦੀ ਮੁਸ਼ੱਕਤ ਮਗਰੋਂ ਗੈਸ 'ਤੇ ਕਾਬੂ ਪਾ ਕੇ 3 ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਸੀ। ਇਸ ਦੇ ਨਾਲ ਹੀ ਨਿਗਮ ਅਧਿਕਾਰੀ, ਪੰਜਾਬ ਫੈਕਟਰੀ ਵਿਭਾਗ ਦੇ ਅਧਿਕਾਰੀ, ਪੰਜਾਬ ਇੰਡਸਟਰੀ ਵਿਭਾਗ ਦੇ ਅਧਿਕਾਰੀ, ਪਾਵਰਕਾਮ ਅਤੇ ਪ੍ਰਦੂਸ਼ਣ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਕੇਸ ਵਿਚ ਨਾਮਜਦ ਕੀਤਾ ਗਿਆ ਹੈ। ਹਾਲਾਂਕਿ ਕਿਸੇ ਵੀ ਅਧਿਕਾਰੀ ਦਾ ਨਾਂ ਕੇਸ ਵਿਚ ਫਿਲਹਾਲ ਨਹੀਂ ਜੋੜਿਆ ਗਿਆ ਹੈ। ਜਾਂਚ ਤੋਂ ਬਾਅਦ ਉਨ੍ਹਾਂ ਅਧਿਕਾਰੀਆਂ ਦੇ ਨਾਮ ਜੋੜੇ ਜਾਣਗੇ, ਜੋ ਘਟਨਾ ਦੇ ਸਮੇਂ ਡਿਊਟੀ 'ਤੇ ਸਨ। ਦਰਜ ਕੀਤੀ ਗਈ ਐੱਫ. ਆਈ. ਆਰ. ਵਿਚ ਕਿਹਾ ਗਿਆ ਹੈ ਕਿ ਜੈਨ ਆਈਸ ਫੈਕਟਰੀ ਵਿਚ ਗੈਸ ਲੀਕ ਹੋਈ ਸੀ, ਜਿਸ ਵਿਚ ਸ਼ੀਤਲ ਸਿੰਘ ਵਾਸੀ ਉਪਕਾਰ ਨਗਰ ਮੁਹੱਲਾ ਕਿਸ਼ਨਪੁਰਾ ਦੀ ਮੌਤ ਹੋ ਗਈ ਸੀ। ਸ਼ੀਤਲ ਨੇ ਤਿੰਨ ਮਹੀਨੇ ਪਹਿਲਾਂ ਹੀ ਉਕਤ ਫੈਕਟਰੀ ਵਿਚ ਨੌਕਰੀ ਸ਼ੁਰੂ ਕੀਤੀ ਸੀ। ਕੇਸ ਵਿਚ ਫੈਕਟਰੀ ਮਾਲਕ ਉਕਤ ਵਿਭਾਗ ਦੇ ਅਧਿਕਾਰੀਆਂ ਨੂੰ ਨਾਮਜਦ ਕੀਤਾ ਗਿਆ ਹੈ, ਕਿਉਂਕਿ ਉਨ੍ਹਾਂ ਨੇ ਉਕਤ ਵਿਭਾਗਾਂ ਵੱਲੋਂ ਫੈਕਟਰੀ ਨੂੰ ਮਨਜੂਰੀ ਦਿੱਤੀ ਗਈ ਸੀ। ਕੇਸ ਵਿਚ ਫਿਲਹਾਲ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋਈ ਹੈ।ਹੁਣ ਤੱਕ ਦੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਗੈਸ ਦੀ ਲੀਕੇਜ ਪਾਈਪ ਫੱਟਣ ਕਾਰਨ ਹੋਈ ਸੀ। ਪੁਲਸ ਕਮਿਸ਼ਨਰ ਨੇ ਮੌਕੇ ਦੀ ਜਾਂਚ ਤੋਂ ਬਾਅਦ ਤੁਰੰਤ ਮਾਮਲੇ ਵਿਚ ਐੱਫ. ਆਈ. ਆਰ. ਦਰਜ ਕਰਨ ਦੇ ਆਦੇਸ਼ ਦਿੱਤੇ ਸਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੋਮੋਰੀਆ ਪੁਲ ਨੇੜੇ ਆਈਸ ਫੈਕਟਰੀ ਵਿਚ ਗੈਸ ਲੀਕ ਦੀ ਘਟਨਾ ਦੀ ਮੈਜਿਸਟਰੇਟੀ ਜਾਂਚ ਦੇ ਹੁਕਮ ਦਿੱਤੇ ਹਨ। ਡਿਪਟੀ ਕਮਿਸ਼ਨਰ ਨੇ ਐੱਸ. ਡੀ. ਐੱਮ. ਜਲੰਧਰ-1 ਡਾ. ਜੈਇੰਦਰ ਸਿੰਘ ਨੂੰ ਘਟਨਾ ਦੇ ਕਾਰਨਾਂ ਅਤੇ ਜਿੰਮੇਵਾਰ ਵਿਅਕਤੀਆਂ ਬਾਰੇ 15 ਦਿਨਾਂ ਵਿਚ ਵਿਸਥਾਰਿਤ ਰਿਪੋਰਟ ਸੌਂਪਣ ਦਾ ਨਿਰਦੇਸ਼ ਦਿੱਤਾ। ਉਨ੍ਹਾਂ ਭਵਿੱਖ ਵਿਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਫੈਕਟਰੀ ਵਿਭਾਗ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਅਜਿਹੀਆਂ ਇਕਾਈਆਂ ਦਾ ਮੁਆਇਨਾ ਕਰਨ ਦੇ ਨਿਰਦੇਸ਼ ਵੀ ਦਿੱਤੇ। ਜਿੰਕਰਯੋਗ ਹੈ ਕਿ ਸ਼ਨੀਵਾਰ ਨੂੰ ਦੋਮੋਰੀਆ ਪੁਲ ਰੋਡ ਸਥਿਤ ਸੰਤ ਸਿਨੇਮਾ ਨੇੜੇ ਲਗਭਗ 50 ਸਾਲ ਪੁਰਾਣੀ ਜੈਨ ਆਈਸ ਫੈਕਟਰੀ ਵਿਚ ਅਮੋਨੀਆ ਗੈਸ ਦੇ ਰਿਸਾਅ ਨਾਲ ਫੈਕਟਰੀ ਦੇ ਫੋਰਮੈਨ ਦੀ ਮੌਤ ਹੋ ਗਈ ਸੀ ਜਦਕਿ 3 ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ। ਮ੍ਰਿਤਕ ਦੀ ਪਛਾਣ ਸ਼ੀਤਲ ਸਿੰਘ ਨਿਵਾਸੀ ਲੰਮਾ ਪਿੰਡ ਦੇ ਰੂਪ ਵਿਚ ਹੋਈ ਹੈ। ਦੁਪਹਿਰ ਲਗਭਗ ਢਾਈ ਵਜੇ ਫਾਇਰ ਬ੍ਰਿਗੇਡ ਮੁਲਾਜਮ ਉਪਕਰਨਾਂ ਨਾਲ ਪਹੁੰਚੇ ਅਤੇ ਵਿਸ਼ੇਸ਼ ਮਾਸਕ ਅਤੇ ਆਕਸੀਜਨ ਗੈਸ ਸਿਲੰਡਰ ਲਾ ਕੇ ਫੈਕਟਰੀ ਵਿਚ ਦਾਖਲ ਹੋਏ, ਜਿਨ੍ਹਾਂ ਨੂੰ ਫੈਕਟਰੀ ਦੇ ਅੰਦਰ ਗੈਸ ਦੇ ਰਿਸਾਅ ਨੂੰ ਬੰਦ ਕਰਨ ਵਿਚ ਲਗਭਗ 4 ਘੰਟੇ ਲੱਗ ਗਏ। ਗੈਸ ਲੀਕ ਹੋਣ ਕਾਰਨ ਨੇੜਲੇ ਵੱਡੇ ਇਲਾਕੇ ਵਿਚ ਲੋਕਾਂ ਨੂੰ ਸਾਹ ਲੈਣ ਵਿਚ ਦਿੱਕਤ ਹੋਣ ਲੱਗੀ ਸੀ, ਜਿਸ ਤੋਂ ਬਾਅਦ ਫੈਕਟਰੀ ਦੇ ਆਲੇ-ਦੁਆਲੇ ਦੇ ਦੁਕਾਨਦਾਰਾਂ ਨੇ ਰੌਲਾ ਪਾਇਆ ਅਤੇ ਫਾਇਰ ਬ੍ਰਿਗੇਡ ਨੂੰ ਸੂਚਨਾ ਦਿੱਤੀ। ਜਦੋਂ ਤਕ ਫਾਇਰ ਬ੍ਰਿਗੇਡ ਦੀ ਟੀਮ ਪਹੁੰਚੀ, ਉਦੋਂ ਤਕ ਸਥਿਤੀ ਕਾਫੀ ਗੰਭੀਰ ਹੋ ਗਈ ਸੀ। ਮਾਹੌਲ ਤਣਾਅਪੂਰਨ ਹੁੰਦਾ ਵੇਖ ਅਤੇ ਫੈਕਟਰੀ ਵਿਚ 4-5 ਲੋਕਾਂ ਦੇ ਫਸੇ ਹੋਣ ਦੀ ਸੂਚਨਾ ਮਿਲਦੇ ਹੀ ਆਮ ਆਦਮੀ ਪਾਰਟੀ ਦੇ ਆਗੂ ਅਮਿਤ ਢੱਲ ਆਪਣੇ ਸਮਰਥਕਾਂ ਨਾਲ ਮੌਕੇ 'ਤੇ ਪੁੱਜੇ ਅਤੇ ਪੁਲਸ ਪ੍ਰਸ਼ਾਸਨ ਨੂੰ ਸੂਚਿਤ ਕੀਤਾ। ਸੂਚਨਾ ਮਿਲਦੇ ਹੀ ਏ. ਸੀ. ਪੀ. ਨਾਰਥ ਡਾ. ਮੇਜਰ ਸ਼ੀਤਲ ਸਿੰਘ, ਥਾਣਾ ਨੰਬਰ 3 ਦੀ ਪੁਲਸ ਅਤੇ ਥਾਣਾ ਨੰਬਰ 1 ਦੇ ਇੰਚਾਰਜ ਹਰਿੰਦਰ ਸਿੰਘ ਮੌਕੇ 'ਤੇ ਪਹੁੰਚੇ ਸਨ ਅਤੇ ਬਚਾਅ ਕਾਰਜਾਂ ਵਿਚ ਲੱਗ ਗਏ। ਉਨ੍ਹਾਂ ਤੁਰੰਤ ਕਰਮਚਾਰੀਆਂ ਨੂੰ ਬਾਹਰ ਕੱਢਿਆ ਪਰ ਇਸੇ ਵਿਚਕਾਰ ਫੈਕਟਰੀ ਦਾ ਫੋਰਮੈਨ ਗੈਸ ਦੇ ਰਿਸਾਅ ਨੂੰ ਰੋਕਣ ਦੀ ਕੋਸ਼ਿਸ਼ ਕਰਦਿਆਂ ਬੇਹੋਸ਼ ਹੋ ਗਿਆ, ਜਿਸ ਨੂੰ ਫਾਇਰ ਬ੍ਰਿਗੇਡ ਕਰਮਚਾਰੀਆਂ ਨੇ ਚੁੱਕਿਆ ਅਤੇ ਸਿਵਲ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਇਲਾਜ ਦੌਰਾਨ ਉਸਨੂੰ ਮ੍ਰਿਤਕ ਐਲਾਨ

ਦਿੱਤਾ। ਰੈਸਕਿਊ ਦੌਰਾਨ ਪੁਲਸ ਨੇ ਸ਼ਾਮ ਤਕ ਪੂਰਾ ਰਸਤਾ ਬੰਦ ਰੱਖਿਆ ਅਤੇ ਸਾਰਾ ਟ੍ਰੈਫਿਕ ਦੋਮੋਰੀਆ ਪੁਲ ਦੇ ਉਪਰੋਂ ਭੇਜਿਆ। ਜਾਣਕਾਰੀ ਮਿਲਦੇ ਹੀ ਪੁਲਸ ਕਮਿਸ਼ਨਰ ਸਵਪਨ ਸ਼ਰਮਾ, ਜੁਆਇੰਟ ਪੁਲਸ ਕਮਿਸ਼ਨਰ ਡਾ. ਸੰਦੀਪ ਸ਼ਰਮਾ, ਏ. ਡੀ. ਸੀ. ਪੀ. ਆਦਿੱਤਿਆ ਅਤੇ ਹੋਰ ਪੁਲਸ ਅਧਿਕਾਰੀ ਵੀ ਮੌਕੇ 'ਤੇ ਪੁੱਜੇ। ਪੁਲਸ ਅਧਿਕਾਰੀਆਂ ਨੇ ਪੂਰਾ ਮਾਮਲਾ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਨੋਟਿਸ ਵਿਚ ਲਿਆਂਦਾ ਤਾਂ ਮੌਕੇ 'ਤੇ ਪੁੱਜੇ ਐੱਸ. ਡੀ. ਐੱਮ.-2 ਬਲਬੀਰ ਰਾਜ ਸਿੰਘ, ਤਹਿਸੀਲਦਾਰ ਅਤੇ ਪਟਵਾਰੀ ਨੂੰ ਲੋਕਾਂ ਨੇ ਦੱਸਿਆ ਕਿ ਉਕਤ ਬਰਫ ਫੈਕਟਰੀ ਪੁਰਾਣੀ ਬਿਲਡਿੰਗ ਵਿਚ ਚੱਲ ਰਹੀ ਹੈ। ਅਧਿਕਾਰੀਆਂ ਨੇ ਫੈਕਟਰੀ ਦੇ ਮਾਲਕ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਪਰ ਨਾ ਤਾਂ ਮਾਲਕ ਮੌਕੇ 'ਤੇ ਪੁੱਜਾ ਅਤੇ ਨਾ ਹੀ ਅਧਿਕਾਰੀਆਂ ਨਾਲ ਸੰਪਰਕ ਕੀਤਾ। ਅਧਿਕਾਰੀਆਂ ਨੇ ਪੀੜਤ ਪਰਿਵਾਰਾਂ ਨਾਲ ਗੱਲਬਾਤ ਕਰਦੇ ਹੋਏ ਹਾਦਸੇ ਲਈ ਜਿੰਮੇਵਾਰ ਲੋਕਾਂ, ਫੈਕਟਰੀ ਦੇ ਮਾਲਕ ਅਤੇ ਵਿਭਾਗਾਂ ਖਿਲਾਫ ਕਾਰਵਾਈ ਦਾ ਭਰੋਸਾ ਦਿੱਤਾ। ਫੈਕਟਰੀ ਵਿਚੋਂ ਗੈਸ ਲੀਕ ਹੋਣ ਸਬੰਧੀ ਸਭ ਤੋਂ ਪਹਿਲਾਂ ਫੈਕਟਰੀ ਦੇ ਗੇਟ ਦੇ ਬਾਹਰ ਹੀ ਸਟਾਲ ਚਲਾਉਣ ਵਾਲੇ ਸੁਰਿੰਦਰ ਖੰਨਾ ਨੂੰ ਪਤਾ ਲੱਗਾ ਤਾਂ ਉਸ ਨੇ ਰੌਲਾ ਪਾ ਕੇ ਸਾਰਿਆਂ ਨੂੰ ਚੌਕਸ ਕੀਤਾ। ਗੈਸ ਲੀਕ ਹੋਣ ਦਾ ਰੌਲਾ ਪੈਂਦੇ ਹੀ ਆਲੇ-ਦੁਆਲੇ ਹਫੜਾ-ਦਫੜੀ ਦਾ ਮਾਹੌਲ ਪੈਦਾ ਹੋ ਗਿਆ ਸੀ। ਲਗਭਗ 2 ਵਜੇ ਵਿਚਕਾਰ ਦੋਮੋਰੀਆ ਪੁਲ ਦੇ ਰਸਤੇ ਤੋਂ ਲੰਘਣ ਵਾਲੇ ਰਾਹਗੀਰਾਂ ਵਿਚ 2 ਪ੍ਰਵਾਸੀ ਵਿਅਕਤੀ ਅਤੇ ਸਕੂਲ ਤੋਂ ਛੁੱਟੀ ਦੇ ਬਾਅਦ ਘਰ ਵਾਪਸ ਮੁੜ ਰਹੀਆਂ ਸਾਈਕਲ ਸਵਾਰ ਲੜਕੀਆਂ ਗੈਸ ਦਾ ਸ਼ਿਕਾਰ ਹੋ ਗਈਆਂ ਸਨ। ਗੈਸ ਚੜ੍ਹਨ ਨਾਲ ਸਾਈਕਲ ਸਵਾਰ ਲੜਕੀਆਂ ਹੇਠਾਂ ਡਿੱਗ ਗਈਆਂ ਅਤੇ ਉਲਟੀਆਂ ਕਰਨ ਲੱਗੀਆਂ, ਜਿਨ੍ਹਾਂ ਨੂੰ ਦੁਕਾਨਦਾਰਾਂ ਨੇ ਚੁੱਕਿਆ ਅਤੇ ਪਾਣੀ ਪਿਲਾਇਆ ਅਤੇ ਕਿਸੇ ਤਰ੍ਹਾਂ ਘਰ ਪਹੁੰਚਾਇਆ। ਉਕਤ ਦੋਵੇਂ ਪ੍ਰਵਾਸੀ ਲੋਕਾਂ ਨੂੰ ਬੇਹੋਸ਼ੀ ਦੀ ਹਾਲਤ ਵਿਚ ਉਥੋਂ ਚੁੱਕ ਕੇ ਦੂਜੀ ਥਾਂ ਭੇਜਿਆ, ਜਿੱਥੇ ਉਨ੍ਹਾਂ ਦੀ ਕੁਝ ਸਮੇਂ ਬਾਅਦ ਤਬੀਅਤ ਠੀਕ ਹੋ ਗਈ। ਦੋਮੋਰੀਆ ਪੁਲ ਦੇ ਹੇਠਾਂ ਬਣੇ ਮੁਹੱਲਾ ਕਲੀਨਿਕ ਵਿਚ ਮੌਜੂਦ ਲੋਕਾਂ ਨੂੰ ਵੀ ਉਥੋਂ ਵਾਪਸ ਭੇਜਿਆ ਗਿਆ। ਇਥੇ ਦਵਾਈ ਲੈਣ ਆਈ ਇਕ ਔਰਤ ਵੀ ਬੇਹੋਸ਼ ਹੋ ਗਈ ਸੀ। ਅਮੋਨੀਆ ਗੈਸ ਇਲਾਕੇ ਵਿਚ ਇੰਨੀ ਤੇਜੀ ਨਾਲ ਫੈਲ ਰਹੀ ਸੀ ਕਿ ਕਾਫੀ ਦੂਰ ਤੱਕ ਲੋਕਾਂ ਨੂੰ ਸਾਹ ਲੈਣ ਵਿਚ ਤਕਲੀਫ ਹੋਣ ਲੱਗੀ ਸੀ ਅਤੇ ਅੱਖਾਂ ਵਿਚ ਜਲਣ ਹੋਣ ਲੱਗੀ ਸੀ। ਰੈਸਕਿਊ ਟੀਮ ਨੇ ਸਖਤ ਮੁਸ਼ੱਕਤ ਤੋਂ ਬਾਅਦ ਜਦੋਂ ਫੈਕਟਰੀ ਦੇ ਅੰਦਰ ਫਸੇ 65 ਸਾਲਾ ਫੋਰਮੈਨ ਸ਼ੀਤਲ ਸਿੰਘ ਨੂੰ ਬਾਹਰ ਕੱਢਿਆ ਤਾਂ ਉਸ ਦਾ ਸਰੀਰ ਪੂਰੀ ਤਰ੍ਹਾਂ ਨਾਲ ਸੜ ਚੁੱਕਾ ਸੀ ਅਤੇ ਧੂੰਆਂ ਨਿਕਲ ਰਿਹਾ ਸੀ। ਪੁਲਸ ਅਧਿਕਾਰੀਆਂ ਨੇ ਐਂਬੂਲੈਂਸ ਦੀ ਮਦਦ ਨਾਲ ਉਸ ਨੂੰ ਇਲਾਜ ਲਈ ਸਿਵਲ ਹਸਪਤਾਲ ਭੇਜਿਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਮੌਤ ਦੀ ਸੂਚਨਾ ਨਾਲ ਘਟਨਾ ਸਥਾਨ 'ਤੇ ਇਕ ਔਰਤ ਬੇਹੋਸ਼ ਹੋ ਗਈ। ਔਰਤ ਨੇ ਪੁਲਸ ਅਧਿਕਾਰੀਆਂ ਨੂੰ ਦੱਸਿਆ ਕਿ ਉਹ ਸ਼ੀਤਲ ਸਿੰਘ ਦੀ ਧੀ ਸ਼ਮਾ ਰਾਣੀ ਹੈ। ਉਸ ਦੇ ਪਿਤਾ ਲੱਗਭਗ 5 ਮਹੀਨੇ ਪਹਿਲਾਂ ਹੀ ਫੈਕਟਰੀ ਵਿਚ ਕੰਮ 'ਤੇ ਲੱਗੇ ਸੀ। ਸ਼ਨੀਵਾਰ ਉਹ ਕੰਮ 'ਤੇ ਗਏ ਸੀ ਅਤੇ ਕਿਹਾ ਸੀ ਕਿ ਉਹ ਜਲਦੀ ਘਰ ਆ ਜਾਣਗੇ ਪਰ ਇਹ ਹਾਦਸਾ ਹੋ ਗਿਆ। ਏ. ਸੀ. ਪੀ. ਨੇ ਔਰਤ ਨੂੰ ਇਕ ਦੁਕਾਨ ਵਿਚ ਬਿਠਾਇਆ ਅਤੇ ਪਾਣੀ ਪਿਆਇਆ, ਜਿਸ ਤੋਂ ਬਾਅਦ ਉਹ ਸੰਭਲੀ ਸੀ। ਲਗਭਗ 50 ਸਾਲ ਪੁਰਾਣੀ ਜੈਨ ਆਈਸ ਫੈਕਟਰੀ ਵਿਚ ਮੌਕੇ 'ਤੇ ਮੌਜੂਦ ਅਧਿਕਾਰੀਆਂ ਨੇ ਕਈ ਕਮੀਆਂ ਦੇਖੀਆਂ। ਫੈਕਟਰੀ ਦੇ ਐਗਜਿੱਟ ਪੁਆਇੰਟ ਨਹੀਂ ਹਨ। ਅੰਦਰ ਜਾਣ ਤੇ ਬਾਹਰ ਆਉਣ ਲਈ ਕੋਈ ਸੁਰੱਖਿਅਤ ਰਸਤਾ ਨਹੀਂ ਸੀ ਅਤੇ ਨਾ ਹੀ ਸੁਰੱਖਿਆ ਦੇ ਕੋਈ ਪ੍ਰਬੰਧ ਨਜਰ ਆਏ। ਅਧਿਕਾਰੀਆਂ ਨੇ ਦੱਸਿਆ ਕਿ ਫੈਕਟਰੀ ਦੇ ਸਾਰੇ ਦਸਤਾਵੇਜ ਚੈੱਕ ਕੀਤੇ ਜਾਣਗੇ, ਜਦਕਿ ਫੈਕਟਰੀ ਦੇ ਅੰਦਰ ਤੇ ਬਾਹਰ ਸਿਰਫ 2 ਰਸਤੇ ਹੋਣੇ ਚਾਹੀਦੇ ਹਨ, ਜੋ ਨਹੀਂ ਸਨ। ਹੈਰਾਨੀ ਦੀ ਗੱਲ ਇਹ ਹੈ ਕਿ ਸ਼ਹਿਰ ਵਿਚ ਜੇਕਰ ਛੋਟੀ ਜਿਹੀ ਵੀ ਘਟਨਾ ਹੋ ਜਾਂਦੀ ਹੈ ਤਾਂ ਉਥੇ ਕਈ ਸਿਆਸੀ ਪਾਰਟੀਆਂ ਦੀ ਭੀੜ ਲੱਗ ਜਾਂਦੀ ਹੈ ਪਰ ਸ਼ਹਿਰ ਦੇ ਬਿਲਕੁਲ ਵਿਚਕਾਰ ਦੋਮੋਰੀਆ ਪੁਲ ਦੇ ਨੇੜੇ ਆਈਸ ਫੈਕਟਰੀ ਵਿਚ ਗੈਸ ਦੇ ਰਿਸਾਅ ਦੀ ਇੰਨੀ ਵੱਡੀ ਘਟਨਾ ਵਾਪਰ ਗਈ, ਜਿਸ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਪਰ ਆਮ ਆਦਮੀ ਪਾਰਟੀ ਦੇ ਉੱਤਰੀ ਹਲਕੇ ਦੇ ਇੰਚਾਰਜ ਦਿਨੇਸ਼ ਢੱਲ ਦੇ ਭਰਾ ਅਮਿਤ ਢੱਲ ਤੋਂ ਇਲਾਵਾ ਕੋਈ ਆਗੂ ਨਹੀਂ ਪਹੁੰਚਿਆ। ਫੈਕਟਰੀ ਵਿਚ ਗੈਸ ਦੇ ਰਿਸਾਅ ਨੂੰ ਬੰਦ ਕਰਨ ਸਮੇਂ ਫਾਇਰ ਬ੍ਰਿਗੇਡ ਕਰਮਚਾਰੀਆਂ ਦਾ ਬੁਰਾ ਹਾਲ ਹੋ ਗਿਆ ਸੀ। ਸਾਹ ਲੈਣ ਵਿਚ ਹੋ ਰਹੀ ਦਿੱਕਤ ਕਾਰਨ 10 ਮਿੰਟ ਤਕ ਰੈਸਕਿਊ ਤੋਂ ਬਾਅਦ ਫਾਇਰ ਬ੍ਰਿਗੇਡ ਕਰਮਚਾਰੀ ਫੈਕਟਰੀ ਵਿਚੋਂ ਬਾਹਰ ਆ ਜਾਂਦੇ ਸਨ। ਫਾਇਰ ਬ੍ਰਿਗੇਡ ਦੀ ਟੀਮ ਨੂੰ ਗੈਸ ਪਾਈਪ ਦੇ ਵਾਲਵ ਦਾ ਪਤਾ ਨਹੀਂ ਲੱਗ ਰਿਹਾ ਸੀ। ਟੀਮ ਵੱਲੋਂ ਫੈਕਟਰੀ ਕਰਮਚਾਰੀ, ਜਿਨ੍ਹਾਂ ਨੂੰ ਸਖਤ ਮੁਸ਼ੱਕਤ ਨਾਲ ਬਾਹਰ ਕੱਢਿਆ ਸੀ, ਨੂੰ ਦੋਬਾਰਾ ਸੁਰੱਖਿਆ ਪ੍ਰਬੰਧਾਂ ਨਾਲ ਫੈਕਟਰੀ ਦੇ ਅੰਦਰ ਲਿਜਾਇਆ ਗਿਆ ਤਾਂ ਕਿ ਗੈਸ ਪਾਈਪ ਦੇ ਵਾਲਵਜ ਦਾ ਪਤਾ ਲੱਗ ਸਕੇ।

ਗੁ. ਸਾਹਿਬ ਤੇ ਆਮ ਆਦਮੀ ਕਲੀਨਿਕਾਂ 'ਚ ਚੋਰੀਆਂ ਕਰਨ ਵਾਲਾ ਵਿਅਕਤੀ ਅੜਿੱਕੇ, ਕੀਮਤੀ ਸਾਮਾਨ ਹੋਇਆ ਬਰਾਮਦ

ਬਟਾਲਾ/ਫਤਿਹਗੜ੍ਹ ਚੂੜੀਆਂ 25 ਸਤੰਬਰ। ਬਟਾਲਾ ਪੁਲਸ ਨੇ ਗੁਰਦੁਆਰਾ ਸਾਹਿਬ ਅਤੇ ਆਮ ਆਦਮੀ ਕਲੀਨਿਕਾਂ 'ਚ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਵਿਅਕਤੀ ਨੂੰ ਚੋਰੀ ਦੇ ਸਾਮਾਨ ਅਤੇ 4300 ਰੁਪਏ ਚੜ੍ਹਾਵੇ ਦੇ ਪੈਸਿਆਂ ਸਮੇਤ ਗ੍ਰਿਫਤਾਰ ਕੀਤਾ ਹੈ। ਇਸ ਸੰਬੰਧੀ ਪ੍ਰੈੱਸ ਕਾਨਫਰੰਸ ਦੌਰਾਨ ਡੀ. ਐੱਸ. ਪੀ. ਫਤਿਹਗੜ੍ਹ ਚੂੜੀਆਂ ਸੁਖਪਾਲ ਸਿੰਘ ਨੇ ਦੱਸਿਆ ਕਿ ਐੱਸ. ਐੱਸ. ਪੀ. ਬਟਾਲਾ ਸੁਹੇਲ ਕਾਸਿਮ ਮੀਰ ਅਤੇ ਐੱਸ. ਪੀ. ਇਨਵੈਸਟੀਗੇਸ਼ਨ ਗੁਰਪ੍ਰਤਾਪ ਸਿੰਘ ਸਹੋਤਾ ਦੇ ਨਿਰਦੇਸ਼ਾਂ ਤਹਿਤ ਪੁਲਸ ਵੱਲੋਂ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੁਲਸ ਨੂੰ ਦਰਜ ਕਰਵਾਈ ਸ਼ਿਕਾਇਤ 'ਚ ਸੁਖਦੇਵ ਸਿੰਘ ਪੁੱਤਰ ਸੁਜਾਨ ਸਿੰਘ ਵਾਸੀ ਸ਼ਮਸ਼ੇਰਪੁਰ ਨੇ ਦੱਸਿਆ ਕਿ ਮਿਤੀ 14 ਸਤੰਬਰ ਨੂੰ ਵਕਤ ਕਰੀਬ ਸ਼ਾਮ 8:30 ਵਜੇ ਉਹ ਗੁਰਦੁਆਰਾ ਸਾਹਿਬ ਬੰਦ ਕਰ ਕੇ ਘਰ ਚੱਲਾ ਗਿਆ ਸੀ ਕਿ ਜਦ ਉਹ ਅਗਲੇ ਦਿਨ ਸਵੇਰੇ ਗੁਰਦੁਆਰਾ ਸਾਹਿਬ 'ਚ ਆਇਆ ਤਾਂ ਦੇਖਿਆ ਕਿ ਗੁਰਦੁਆਰਾ ਸਾਹਿਬ ਦੀ ਖਿੜਕੀ ਦੀ

ਜਾਲੀ ਟੁੱਟੀ ਹੋਈ ਸੀ। ਉਸਨੇ ਦੱਸਿਆ ਕਿ ਜਦ ਉਸਨੇ ਅੰਦਰ ਜਾ ਕੇ ਦੇਖਿਆ ਤਾਂ ਗੁਰਦੁਆਰਾ ਸਾਹਿਬ ਦੀ ਗੋਲਕ ਦਾ ਤਾਲਾ ਟੁੱਟਾ ਹੋਇਆ ਸੀ ਅਤੇ ਉਸ 'ਚੋਂ ਚੜ੍ਹਾਵਾ, ਸੀ. ਸੀ. ਟੀ. ਵੀ. ਕੈਮਰੇ ਅਤੇ ਐੱਲ. ਸੀ. ਡੀ. ਚੋਰੀ ਹੋ ਚੁੱਕੀ ਸੀ। ਪੁਲਸ ਅਧਿਕਾਰੀ ਨੇ ਦੱਸਿਆ ਕਿ ਪੁਲਸ ਨੇ ਸੁਖਦੇਵ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਕੇਸ ਦਰਜ ਕਰ ਕੇ ਉਕਤ ਚੋਰੀ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਵਿਅਕਤੀ ਨਿਸ਼ਾਨ ਸਿੰਘ ਵਾਸੀ ਪਿੰਡ ਵੀਲਾ ਨੂੰ ਲੋਧੀਨੰਗਲ ਸੂਏ ਤੋਂ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਉਕਤ ਵਿਅਕਤੀ ਨੇ ਵੱਖ-ਵੱਖ ਪਿੰਡਾਂ 'ਚ ਗੁਰਦੁਆਰਾ ਸਾਹਿਬ ਅਤੇ ਆਮ ਆਦਮੀ ਕਲੀਨਿਕਾਂ 'ਚ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਹੈ ਅਤੇ ਉਸਦੇ ਵਿਰੁੱਧ ਵੱਖ-ਵੱਖ ਥਾਣਿਆਂ 'ਚ ਕੇਸ ਵੀ ਦਰਜ ਹਨ। ਉਨ੍ਹਾਂ ਕਿਹਾ ਕਿ ਪੁਲਸ ਨੇ ਉਕਤ ਵਿਅਕਤੀ ਤੋਂ ਇਕ ਫਰਿੱਜ ਡਬਲ ਡੋਰ, ਇਕ ਐੱਲ. ਸੀ. ਡੀ., 2 ਬੈਟਰੇ, 2 ਇਨਵਰਟਰ, ਇਕ ਸਾਈਕ, 1 ਡੀ. ਵੀ. ਆਰ., 2 ਗੈਸ ਸਿਲੰਡਰ ਅਤੇ 4300 ਰੁਪਏ ਚੜ੍ਹਾਵੇ ਦੇ ਪੈਸੇ ਬਰਾਮਦ ਕੀਤੇ ਹਨ। ਉਨ੍ਹਾਂ ਕਿਹਾ ਕਿ ਪੁਲਸ ਵਲੋਂ ਉਕਤ ਵਿਅਕਤੀ ਨੂੰ

ਪੰਜਾਬ ਪੁਲਸ ਦਾ ਮੁਲਾਜਮ ਥਾਣੇ 'ਚੋਂ ਹੀ ਗ੍ਰਿਫਤਾਰ

ਪਟਿਆਲਾ 25 ਸਤੰਬਰ। ਵਿਜੀਲੈਂਸ ਬਿਊਰੋ ਪਟਿਆਲਾ ਦੀ ਟੀਮ ਨੇ ਪਾਤੜਾਂ ਥਾਣੇ ਦੇ ਏ. ਐੱਸ. ਆਈ. ਅਮਰੀਕ ਸਿੰਘ ਨੂੰ 20 ਹਜਾਰ ਰੁਪਏ

ਰਿਸ਼ਵਤ ਲੈਣ ਦੇ ਦੋਸ਼ 'ਚ ਗ੍ਰਿਫਤਾਰ ਕਰ ਲਿਆ ਹੈ, ਜਿਸ ਖ?ਿਲਾਫ ਥਾਣਾ ਵਿਜੀਲੈਂਸ ਬਿਊਰੋ ਪਟਿਆਲਾ ਵਿਖੇ ਕੇਸ ਦਰਜ ਕਰ ਲਿਆ ਗਿਆ ਹੈ। ਵਿਜੀਲੈਂਸ ਨੇ ਏ. ਐੱਸ. ਆਈ. ਅਮਰੀਕ ਸਿੰਘ ਨੂੰ ਅਸ਼ੋਕ ਕੁਮਾਰ ਨਾਂ ਦੇ ਵਿਅਕਤੀ ਤੋਂ ਉਸ ਖ?ਿਲਾਫ ਥਾਣਾ ਪਾਤੜਾਂ ਵਿਖੇ ਦਰਜ ਕੇਸ ਦੀ ਕੈਂਸਲੇਸ਼ਨ ਰਿਪੋਰਟ ਬਦਲੇ ਮੰਗੀ 20 ਹਜਾਰ ਰੁਪਏ ਰਿਸ਼ਵਤ ਲੈਂਦਿਆ ਰੰਗੇ ਹੱਥੀਂ ਗ੍ਰਿਫਤਾਰ ਕੀਤਾ ਗਿਆ ਹੈ। ਏ. ਐੱਸ. ਆਈ. ਅਮਰੀਕ ਸਿੰਘ ਨੂੰ ਗਵਾਹਾਂ ਦੀ ਹਾਜਰੀ 'ਚ ਗ੍ਰਿਫਤਾਰ ਕੀਤਾ ਗਿਆ ਹੈ।

ਕਰਜਾ ਚੁੱਕ ਕੇ ਕੈਨੇਡਾ ਗਈ ਕੁੜੀ ਨੂੰ ਨਹੀਂ ਮਿਲਿਆ ਕੰਮ, ਫਿਰ ਜੋ ਹੋਇਆ ਜਾਣ ਕੰਬ ਜਾਵੇਗੀ ਰੂਹ

ਨਾਭਾ 25 ਸਤੰਬਰ। ਨਾਭਾ ਦੇ ਪਿੰਡ ਪਾਲੀਆ ਖੁਰਦ ਦੀ ਰਹਿਣ ਵਾਲੀ ਨਵਦੀਪ ਕੌਰ ਦੀ ਕੈਨੇਡਾ ਵਿਚ ਮੌਤ ਹੋ ਗਈ ਹੈ। ਪਰਿਵਾਰ ਨੂੰ ਜਿਵੇਂ ਹੀ ਆਪਣੀ ਧੀ ਦੀ ਮੌਤ ਦੀ ਖਬਰ ਮਿਲੀ ਤਾਂ ਉਨ੍ਹਾਂ ਦੇ ਪੈਰਾਂ ਹੇਠੋਂ ਜਮੀਨ ਖਿਸਕ ਗਈ। ਪਰਿਵਾਰ ਨੇ 2 ਸਾਲ ਪਹਿਲਾਂ ਹੀ ਕਰਜਾ ਚੁੱਕ ਕੇ ਅਤੇ ਆਪਣੀ ਜਾਇਦਾਦ ਵੇਚ ਕੇ ਉਸ ਨੂੰ ਕੈਨੇਡਾ ਭੇਜਿਆ ਸੀ, ਤਾਂ ਜੋ ਉਹ ਪਰਿਵਾਰ ਦਾ ਸਹਾਰਾ ਬਣ ਸਕੇ। ਉੱਥੇ ਕੰਮ ਨਾ ਮਿਲਣ ਕਾਰਨ ਪਰਿਵਾਰ ਨੇ ਫੇਰ ਲੋਨ ਲੈ ਕੇ ਉਸ ਦੀ ਫੀਸ ਭਰੀ ਸੀ। ਇਸ ਸਭ ਕਾਰਨ ਉਹ ਬਹੁਤ ਪ੍ਰੇਸ਼ਾਨ ਰਹਿੰਦੀ ਸੀ ਤੇ ਉਸ ਨੂੰ ਥ੍ਰੇਨ ਹੈਮਰਜ ਹੋ ਗਿਆ, ਤੇ ਉਸ ਦੀ ਮੌਤ ਹੋ ਗਈ। ਹੁਣ ਪਰਿਵਾਰ ਆਪਣੀ ਧੀ ਦੀ ਲਾਸ਼ ਲਿਆਉਣ ਲਈ ਸਰਕਾਰਾਂ ਅੱਗੇ ਗੁਹਾਰ ਲਗਾ ਰਿਹਾ ਹੈ। ਜਾਣਕਾਰੀ ਮੁਤਾਬਕ ਪੀੜਤ ਪਰਿਵਾਰ ਦੀਆਂ ਸਿਰਫ ਦੋ ਹੀ ਧੀਆਂ ਸਨ। ਵੱਡੀ ਧੀ ਨਵਦੀਪ ਕੌਰ ਨੇ ਮਾਪਿਆਂ ਨੂੰ ਭਰੋਸਾ ਦਿੱਤਾ ਸੀ ਕਿ ਉਹ ਪੁੱਤ ਬਣ ਕੇ ਕੈਨੇਡਾ ਜਾਵੇਗੀ ਤੇ ਉਨ੍ਹਾਂ ਸਹਾਰਾ ਬਣੇਗੀ। ਪਰ ਪਰਿਵਾਰ ਨੂੰ ਇਹ ਨਹੀਂ ਸੀ ਪਤਾ ਕਿ ਉਨ੍ਹਾਂ ਦੀ ਧੀ ਨਾਲ ਉੱਥੇ ਇਹ ਭਾਣਾ ਵਾਪਰ ਜਾਵੇਗਾ। ਉਸ ਨੂੰ ਕੁਝ ਦੇਰ ਪਹਿਲਾਂ ਹੀ ਵਰਕ ਪਰਮਿਟ ਮਿਲਿਆ ਸੀ, ਪਰ ਉੱਥੇ ਕੰਮ ਨਹੀਂ ਸੀ ਮਿਲ ਰਿਹਾ। 5 ਸਤੰਬਰ ਨੂੰ ਉਸ ਦਾ ਜਨਮ ਦਿਨ ਵੀ ਸੀ ਤੇ ਉਸੇ ਦਿਨ ਪਰਿਵਾਰ ਦੀ ਉਸ ਨਾਲ ਗੱਲ ਵੀ ਹੋਈ ਸੀ। ਉਸ ਮਗਰੋਂ ਹੁਣ ਪਰਿਵਾਰ ਨੂੰ ਇਹ ਮੰਦਭਾਗੀ ਖਬਰ ਸੁਣਨ ਨੂੰ ਮਿਲੀ ਹੈ। ਇਸ ਸਬੰਧੀ

ਗੱਲਬਾਤ ਕਰਦਿਆਂ ਮ੍ਰਿਤਕ ਨਵਦੀਪ ਕੌਰ ਦੇ ਪਿਤਾ ਅਤੇ ਛੋਟੀ ਭੈਣ ਨੇ ਕਿਹਾ ਕਿ ਉਨ੍ਹਾਂ ਨੇ ਨਵਦੀਪ ਨੂੰ ਆਪਣੀ ਜਾਇਦਾਦ ਵੇਚ ਕੇ ਕੈਨੇਡਾ ਭੇਜਿਆ ਸੀ। ਉਸ ਦੇ ਦਿਮਾਗ 'ਤੇ ਬੜਾ ਬੋਝ ਸੀ ਕਿ ਮੇਰੇ ਪਰਿਵਾਰ ਨੇ ਸਭ ਕੁਝ ਵੇਚ ਕੇ ਮੇਰੇ 'ਤੇ ਲਗਾ ਦਿੱਤਾ ਹੈ, ਪਰ ਉਸ ਨੂੰ ਅਸੀਂ ਹੌਸਲਾ ਦਿੰਦੇ ਸੀ ਕੋਈ ਨਹੀਂ ਅਸੀਂ ਤੇਰੇ ਲਈ ਸਭ ਕੁਝ ਹੀ ਕਰਾਂਗੇ। ਕਨੇਡਾ ਵਿੱਚ ਕੰਮ ਨਾ ਮਿਲਣ ਕਰਕੇ ਅਸੀਂ 5 ਲੱਖ ਰੁਪਏ ਦਾ ਲੋਨ ਵੀ ਲਿਆ ਅਤੇ ਉੱਥੇ ਉਸ ਦੀ ਫੀਸ ਦਿੱਤੀ, ਪਰ ਇਕਦਮ ਸਾਨੂੰ ਫੋਨ ਆਇਆ ਕਿ ਤੁਹਾਡੀ ਲੜਕੀ ਨੂੰ ਥ੍ਰੇਨ ਹੈਮਰਜ ਹੋ ਗਿਆ ਹੈ ਤੇ ਉਹ ਸੀਰੀਅਸ ਹੈ, ਅਤੇ ਫਿਰ ਸਾਨੂੰ ਫੋਨ ਆਇਆ ਕਿ ਉਸ ਦੀ ਮੌਤ ਹੋ ਚੁੱਕੀ ਹੈ। ਹੁਣ ਤਾਂ ਅਸੀਂ ਇਹ ਹੀ ਮੰਗ ਕਰਦੇ ਹਾਂ ਕਿ ਸਾਡੀ ਲੜਕੀ ਦੀ ਲਾਸ ਪਿੰਡ ਲਿਆਂਦੀ ਜਾਵੇ ਤਾਂ ਜੋ ਅਸੀਂ ਅੰਤਿਮ ਰਸਮਾਂ ਅਦਾ ਕਰ ਸਕੀਏ। ਪਿੰਡ ਵਾਸੀਆਂ ਨੇ ਕਿਹਾ ਕਿ ਸਾਡੇ ਪਿੰਡ ਦੀ ਇਸ ਧੀ ਨੇ ਬਹੁਤ ਮਿਹਨਤ ਕੀਤੀ ਸੀ। ਜਦੋਂ ਉਸ ਦੀ ਮੌਤ ਦੀ ਖਬਰ ਮਿਲੀ ਤਾਂ ਸਾਡੇ ਪਿੰਡ ਵਿਚ ਸੰਨਾਟਾ ਫੈਲ ਗਿਆ ਹੈ। ਪਰਿਵਾਰ ਵੱਲੋਂ ਜਿੱਥੇ ਆਪਣਾ ਸਭ ਕੁਝ ਵੇਚ ਕੇ ਉਸ ਨੂੰ ਕੈਨੇਡਾ ਭੇਜਿਆ, ਉੱਥੇ ਹੀ ਕੰਮ ਨਾ ਮਿਲਣ ਕਰਕੇ ਫੀਸ ਵੀ ਲੋਨ ਲੈ ਕੇ ਭੇਜੀ ਸੀ। ਹੁਣ ਉਨ੍ਹਾਂ ਦੀ ਛੋਟੀ ਧੀ ਹੀ ਪਿੱਛੇ ਰਹਿ ਗਈ ਹੈ। ਪਰਿਵਾਰ ਨੂੰ ਬਹੁਤ ਆਸਾਂ ਸਨ ਜਿਨ੍ਹਾਂ ਨੇ ਆਪਣੀ ਸਾਰੀ ਪੂੰਜੀ ਹੀ ਆਪਣੀ ਲੜਕੀ 'ਤੇ ਲਗਾ ਦਿੱਤੀ ਕਿ ਉਸ ਦਾ ਉਜਵਲ ਭਵਿੱਖ ਹੋਵੇਗਾ, ਪਰ ਇਸ ਮੰਦਭਾਗੀ ਘਟਨਾ ਨੇ ਪਰਿਵਾਰ ਦੀਆਂ ਸਾਰੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ। ਉਨ੍ਹਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਪਰਿਵਾਰ ਦੀ ਮਦਦ ਕੀਤੀ ਜਾਵੇ ਅਤੇ ਲੜਕੀ ਦੀ ਮ੍ਰਿਤਕ ਦੇਹ ਭਾਰਤ ਤੇ ਲਿਆਂਦੀ ਜਾਵੇ ਤਾਂ ਜੋ ਅੰਤਿਮ ਰਸਮਾਂ ਦੇ ਨਾਲ ਉਸ ਦਾ ਸਸਕਾਰ ਕੀਤਾ ਜਾ ਸਕੇ।

ਪੰਜਾਬ 'ਚ ਅਸਿਸਟੈਂਟ ਪ੍ਰੋਫੈਸਰਾਂ ਤੇ ਲਾਇਬ੍ਰੇਰੀਅਨਾਂ ਦੀ ਭਰਤੀ ਨੂੰ ਹਰੀ ਝੰਡੀ

ਚੰਡੀਗੜ੍ਹ 25 ਸਤੰਬਰ। ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਪੰਜਾਬ ਵਿਚ 1158 ਅਸਿਸਟੈਂਟ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨਾਂ ਦੀ ਭਰਤੀ ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਸ ਤੋਂ ਪਹਿਲਾਂ ਹਾਈ ਕੋਰਟ ਦੇ ਸਿੰਗਲ ਬੈਂਚ ਨੇ ਇਸ ਭਰਤੀ ਨੂੰ ਰੱਦ ਕਰ ਦਿੱਤਾ ਸੀ। ਇਸ ਤੋਂ ਬਾਅਦ ਸਰਕਾਰ ਨੇ ਇਸ ਫੈਸਲੇ ਨੂੰ ਡਬਲ ਬੈਂਚ ਵਿਚ ਚੁਣੌਤੀ ਦਿੱਤੀ ਸੀ। ਅਦਾਲਤ ਦੇ ਡਬਲ ਬੈਂਚ ਨੇ ਭਰਤੀ ਪ੍ਰਕਿਰਿਆ ਨੂੰ ਹਰੀ ਝੰਡੀ ਦੇ ਦਿੱਤੀ ਹੈ। ਹਾਈਕੋਰਟ ਦੇ ਫੈਸਲੇ ਨਾਲ ਇਹ ਸਾਫ ਹੋ ਗਿਆ ਹੈ ਕਿ ਹੁਣ ਇਸ ਭਰਤੀ ਪ੍ਰਕਿਰਿਆ ਵਿਚ ਸਾਮਿਲ ਲੋਕਾਂ ਨੂੰ ਨੌਕਰੀ ਮਿਲ ਸਕੇਗੀ। ਹਾਲਾਂਕਿ ਪਹਿਲਾਂ ਭਰਤੀ ਪ੍ਰਕਿਰਿਆ ਨੂੰ ਰੱਦ ਕਰ ਦਿੱਤਾ ਗਿਆ ਸੀ। ਨਾਲ ਹੀ ਕਿਹਾ ਸੀ ਕਿ ਭਰਤੀ ਪ੍ਰਕਿਰਿਆ ਵਿਚ ਨਿਯਮਾਂ ਦੀ ਪਾਲਣਾ ਨਹੀਂ ਕੀਤੀ ਗਈ ਸੀ। ਇਸ ਫੈਸਲੇ ਤੋਂ ਬਾਅਦ ਪੰਜਾਬ ਵਿਚ 1158 ਅਸਿਸਟੈਂਟ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨਾਂ ਦੀ ਭਰਤੀ ਨੂੰ ਹਰੀ ਝੰਡੀ ਮਿਲ ਗਈ ਹੈ।

ਚੋਰੀ ਦੇ ਮੋਟਰਸਾਈਕਲਾਂ ਦੀ ਰੀਸਾਈਕਲਿੰਗ ਕਰਨ ਵਾਲੇ ਗਿਰੋਹ ਦਾ ਪਰਦਾਫਾਸ

ਜਲੰਧਰ 25 ਸਤੰਬਰ। ਪੁਲਸ ਕਮਿਸਨਰ ਸਵਪਨ ਸਰਮਾ ਦੀ ਅਗਵਾਈ ਹੇਠ ਜਲੰਧਰ ਕਮਿਸਨਰੇਟ ਪੁਲਸ ਨੇ ਸਹਿਰ 'ਚ ਚੋਰੀ ਦੇ ਮੋਟਰਸਾਈਕਲਾਂ ਨੂੰ ਰੀਸਾਈਕਲ ਕਰਨ ਅਤੇ ਚੋਰੀ ਕਰਨ ਵਾਲੇ ਇਕ ਗਿਰੋਹ ਦਾ ਪਰਦਾਫਾਸ ਕੀਤਾ ਹੈ। ਪੁਲਸ ਕਮਿਸਨਰ ਨੇ ਦੱਸਿਆ ਕਿ ਪੁਲਸ ਨੂੰ ਸੂਹ ਮਿਲੀ ਸੀ ਕਿ ਸਹਿਰ 'ਚ ਇਕ ਗਿਰੋਹ ਕੰਮ ਕਰ ਰਿਹਾ ਹੈ, ਜੋ ਮੋਟਰਸਾਈਕਲਾਂ ਦੀ ਚੋਰੀ ਅਤੇ ਉਨ੍ਹਾਂ ਨੂੰ ਵੇਚਣ ਦਾ ਕਾਰੋਬਾਰ ਕਰਦਾ ਹੈ। ਸੂਚਨਾ ਦੇ ਆਧਾਰ 'ਤੇ ਪੁਲਸ ਨੇ ਰੋਹਿਤ ਕੁਮਾਰ ਪੁੱਤਰ ਬਲਵੀਰ ਦਾਸ ਵਾਸੀ ਮੁਹੱਲਾ ਨੰ. 505 ਬੀ, ਤਿਲਕ ਨਗਰ, ਜਲੰਧਰ ਨੂੰ ਗ੍ਰਿਫਤਾਰ ਕੀਤਾ। ਉਨ੍ਹਾਂ ਦੱਸਿਆ ਕਮਿਸਨਰ ਨੇ ਦੱਸਿਆ ਕਿ ਪੁਲਸ ਨੂੰ ਸੂਹ ਮਿਲੀ ਸੀ ਕਿ ਸਹਿਰ 'ਚ ਇਕ ਗਿਰੋਹ ਕੰਮ ਕਰ ਰਿਹਾ ਹੈ, ਜੋ ਮੋਟਰਸਾਈਕਲਾਂ ਦੀ ਚੋਰੀ ਅਤੇ ਉਨ੍ਹਾਂ ਨੂੰ ਵੇਚਣ ਦਾ ਕਾਰੋਬਾਰ ਕਰਦਾ ਹੈ। ਸੂਚਨਾ ਦੇ ਆਧਾਰ 'ਤੇ ਪੁਲਸ ਨੇ ਰੋਹਿਤ ਕੁਮਾਰਕਿ ਤਫਤੀਸ ਦੌਰਾਨ ਦੋਸੀ ਰੋਹਿਤ ਕੁਮਾਰ ਨੇ



ਕਬੂਲ ਕੀਤਾ ਕਿ ਉਹ ਚੋਰੀ ਦੇ ਮੋਟਰਸਾਈਕਲ ਸਹਿਰ 'ਚ ਵੇਚਦਾ ਸੀ। ਉਨ੍ਹਾਂ ਦੱਸਿਆ ਕਿ ਮੁਲਜਮਾਂ ਨੇ ਇਹ ਵੀ ਮੰਨਿਆ ਕਿ ਉਹ ਇਹ ਬਾਈਕ ਸਕਰੈਪ ਡੀਲਰ ਸੁਮਿਤ ਉਰਫ ਸੰਮੀ ਪੁੱਤਰ ਰਮੇਸ ਕੁਮਾਰ ਵਾਸੀ ਨਿਊ ਦਸਮੇਸ ਨਗਰ, ਜਲੰਧਰ ਨੂੰ ਭੇਜਦਾ ਸੀ। ਪੁਲਸ ਨੇ ਸਕਰੈਪ ਡੀਲਰ ਸੁਮਿਤ ਉਰਫ ਸੰਮੀ ਨੂੰ ਵੀ ਗ੍ਰਿਫਤਾਰ ਕਰ ਲਿਆ ਹੈ। ਤਫਤੀਸ ਦੌਰਾਨ ਸਕਰੈਪ ਡੀਲਰ ਨੇ ਮੰਨਿਆ ਕਿ ਚੋਰੀ ਦੇ ਮੋਟਰਸਾਈਕਲ, ਜੋ ਉਹ ਰੋਹਿਤ ਕੁਮਾਰ ਤੋਂ ਖਰੀਦਦਾ ਸੀ, ਦੇ ਛੋਟੇ-ਛੋਟੇ ਟੁਕੜਿਆਂ 'ਚ ਕੱਟ ਕੇ ਹੋਰ ਸਕਰੈਪ ਡੀਲਰਾਂ ਨੂੰ ਵੇਚਦਾ ਸੀ। ਪੁਲਸ ਨੇ ਸੁਮਿਤ ਉਰਫ ਸੰਮੀ ਦੇ ਘਰੋਂ ਚੋਰੀ ਕੀਤੇ ਮੋਟਰ ਸਾਈਕਲਾਂ ਦੇ ਵੱਖ-ਵੱਖ ਪੁਰਜੇ ਵੇਚ ਕੇ ਕਮਾਏ 70,000 ਰੁਪਏ ਬਰਾਮਦ ਕੀਤੇ ਹਨ। ਪੁਲਸ ਕਮਿਸਨਰ (ਸੀ. ਪੀ.) ਸਵਪਨ ਸਰਮਾ ਵੱਲੋਂ ਵਰਤੀ ਜਾ ਰਹੀ ਸਖਤੀ ਕਾਰਨ ਮਹਾਨਗਰ 'ਚ ਅਪਰਾਧਾਂ 'ਤੇ ਕਾਬੂ ਪਾਇਆ ਜਾ ਰਿਹਾ ਹੈ। ਕੁਝ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਸਵਪਨ ਸਰਮਾ ਨੂੰ ਪਲ-ਪਲ ਦੀ ਜਾਣਕਾਰੀ ਮਿਲਦੀ ਹੈ ਅਤੇ ਸੀ. ਪੀ. ਸਵਪਨ ਸਰਮਾ ਨੂੰ ਉਦੋਂ ਤੱਕ ਚੈਨ ਨਹੀਂ ਆਉਂਦਾ ਜਦ ਤੱਕ ਪੁਲਸ ਵੱਲੋਂ ਦੋਸੀ ਨੂੰ ਕੁਝ ਘੰਟਿਆਂ 'ਚ ਹੀ ਨਹੀਂ ਫੜ ਲਿਆ ਜਾਂਦਾ। ਸਵਪਨ ਸਰਮਾ ਦੇ ਹੁਕਮਾਂ 'ਤੇ ਪੁਲਸ ਟਰੇਸ ਕਰ ਕੇ ਮਾਮਲੇ ਨੂੰ ਸੁਲਝਾ ਰਹੀ ਹੈ।

ਬੱਚਿਆਂ ਨਾਲ ਖੇਡਣ ਦੀ ਮਿਲੀ ਸਜਾ, ਪਿਓ ਨੇ ਗਰਮ ਚਿਮਟੇ ਨਾਲ ਦਾਗੀ 11 ਸਾਲਾ ਧੀ

ਬਾਂਦਾ 25 ਸਤੰਬਰ। ਉੱਤਰ ਪ੍ਰਦੇਸ਼ ਦੇ ਲਲਿਤਪੁਰ 'ਚ ਬੱਚਿਆਂ ਨਾਲ ਖੇਡਣ 'ਤੇ ਇਕ ਵਿਅਕਤੀ ਨੇ ਆਪਣੀ 11 ਸਾਲ ਦੀ ਧੀ ਨੂੰ ਗਰਮ ਚਿਮਟੇ ਨਾਲ ਕਈ ਜਗ੍ਹਾ ਦਾਗ ਦਿੱਤਾ। ਪੁਲਸ ਨੇ ਸੋਮਵਾਰ ਨੂੰ ਮਾਮਲਾ ਦਰਜ ਕਰ ਕੇ ਦੋਸ਼ੀ ਪਿਤਾ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਸੌਜਨਾ ਥਾਣੇ ਦੇ ਇੰਚਾਰਜ ਇੰਸਪੈਕਟਰ (ਐੱਸ.ਐੱਚ.ਓ.) ਪਾਰੂਲ ਸਿੰਘ ਚੰਦੇਲ ਨੇ ਸੋਮਵਾਰ ਨੂੰ ਦੱਸਿਆ ਕਿ ਥਾਣਾ ਖੇਤਰ ਦੇ ਬਾਰੌਨ ਪਿੰਡ 'ਚ ਰਾਮਸਵਰੂਪ ਉਰਫ ਰਸਮੂ ਦੀ 11 ਸਾਲਾ ਧੀ ਹਮਉਮਰ ਬੱਚਿਆਂ ਨਾਲ ਸ਼ਨੀਵਾਰ ਨੂੰ ਘਰ 'ਚ ਖੇਡ ਰਹੀ ਸੀ। ਇਸੇ ਦੌਰਾਨ ਬੋਰੀ 'ਚ ਰੱਖੀ ਹੋਈ ਪੋਈ ਦੀ ਭਾਜੀ ਬੱਕਰੀਆਂ ਨੇ ਸੁੱਟ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਤੋਂ ਨਾਰਾਜ ਰਮਸੂ ਨੇ ਚੁੱਲ੍ਹੇ ਕੋਲ ਰੱਖੇ ਗਰਮ ਚਿਮਟੇ ਨਾਲ ਧੀ ਦੇ ਹੱਥ ਅਤੇ ਸਰੀਰ ਦੇ ਕਈ ਅੰਗਾਂ ਨੂੰ ਦਾਗ ਦਿੱਤਾ। ਬਚਾਉਣ ਆਏ ਬੱਚੀ ਦੇ ਬਾਬਾ ਨੂੰ ਵੀ ਬੁਰੀ ਤਰ੍ਹਾਂ ਕੁੱਟਮਾਰ ਕਰ ਕੇ ਜਖਮੀ ਕਰ ਦਿੱਤਾ। ਐੱਸ.ਐੱਚ.ਓ. ਚੰਦੇਲ ਨੇ ਦੱਸਿਆ ਕਿ ਸੋਮਵਾਰ ਨੂੰ ਬੱਚੀ ਦੇ ਬਾਬਾ ਲਲੰਜੂ ਦੀ ਸ਼ਿਕਾਇਤ ਦੇ ਆਧਾਰ 'ਤੇ ਮਾਮਲਾ ਦਰਜ ਕਰੇ ਰਾਮਸਵਰੂਪ ਉਰਫ ਰਮਸੂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਬੱਚੀ ਨੂੰ ਇਲਾਜ ਲਈ ਹਸਪਤਾਲ ਭੇਜਿਆ ਗਿਆ ਹੈ।

ਕੱਟ'ਤੇ ਵਾਲ, ਵੱਢ'ਤਾ ਨੱਕ, ਪ੍ਰਾਈਵੇਟ ਪਾਰਟ 'ਤੇ ਮਾਰੀਆਂ ਕੈਂਚੀਆਂ

ਜਲਾਲਾਬਾਦ 25 ਸਤੰਬਰ। ਥਾਣਾ ਵੈਰੋਕਾ ਦੇ ਅਧੀਨ ਪੈਂਦੇ ਕਾਠਗੜ੍ਹ 'ਚ ਇਕ ਵਿਆਹੁਤਾ ਔਰਤ 'ਤੇ ਉਸ ਦੇ ਪਤੀ ਸਣੇ ਸਹੁਰੇ ਪਰਿਵਾਰ ਵੱਲੋਂ ਜਾਨਲੇਵਾ ਹਮਲਾ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਹਮਲੇ 'ਚ ਪੀੜਤਾ ਗੰਭੀਰ ਜਖਮੀ ਹੋ ਗਈ, ਜਿਸ ਨੂੰ ਜਿਸ ਨੂੰ ਪਰਿਵਾਰਿਕ ਮੈਂਬਰਾਂ ਵੱਲੋਂ ਇਲਾਜ ਲਈ ਜਲਾਲਾਬਾਦ ਦੇ ਸਰਕਾਰੀ ਹਸਪਤਾਲ 'ਚ ਭਰਤੀ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੀੜਤ ਵਿਆਹੁਤਾ ਲੜਕੀ ਮਨਜੀਤ ਕੌਰ ਵਾਸੀ ਪਿੰਡ ਅਰਨੀਵਾਲਾ ਨੇ ਦੱਸਿਆ ਕਿ ਉਸ ਦਾ 7 ਸਾਲ ਪਹਿਲਾਂ ਪਿੰਡ ਕਾਠਗੜ੍ਹ ਵਿਖੇ ਵਿਆਹ ਹੋਇਆ ਸੀ ਅਤੇ ਉਸ ਦੇ ਦੋ ਬੱਚੇ ਵੀ ਹਨ। ਪੀੜਤ ਨੇ ਕਥਿਤ ਦੋਸ਼ ਲਾਉਂਦੇ ਹੋਏ ਦੱਸਿਆ ਕਿ ਉਸ ਦੇ ਪਤੀ ਅਤੇ ਸਹੁਰੇ ਵੱਲੋਂ ਲਗਾਤਾਰ ਦਾਜ ਦੀ ਮੰਗ ਕੀਤੀ ਜਾ ਰਹੀ ਸੀ ਅਤੇ ਬੀਤੇ ਦਿਨ ਹੀ 2 ਲੱਖ ਰੁਪਏ ਦਾਜ ਦੇ ਰੂਪ 'ਚ ਦਿੱਤਾ ਗਿਆ ਸੀ। ਇਸ ਦੇ ਬਾਵਜੂਦ ਉਸ ਦੇ ਸਹੁਰੇ ਅਤੇ

ਪਤੀ ਵੱਲੋਂ ਉਸ 'ਤੇ ਬੇਰਹਿਮੀ ਨਾਲ ਕੁੱਟਮਾਰ ਕਰ ਕੇ ਜਾਨਲੇਵਾ ਹਮਲਾ ਕੀਤਾ ਗਿਆ। ਇਸ ਦੌਰਾਨ ਉਸ ਦੇ ਵਾਲ ਕੱਟੇ ਗਏ, ਉਸ ਦਾ ਨੱਕ ਕੱਟ ਦਿੱਤਾ ਗਿਆ। ਇੰਨਾ ਹੀ ਨਹੀਂ ਉਸ ਦੇ ਗੁਪਤ ਅੰਗਾਂ 'ਤੇ ਕੈਂਚੀਆਂ ਨਾਲ ਕਈ ਵਾਰ ਕੀਤੇ ਗਏ। ਪਰਿਵਾਰ ਨੇ ਦੱਸਿਆ ਕਿ ਉਸ ਦੇ ਸਹੁਰੇ ਘਰ ਇਹ ਲੜਾਈ ਹੋਈ ਅਤੇ ਉਸ ਦੇ ਸਹੁਰਿਆਂ ਵੱਲੋਂ ਲੜਕੀ ਨੂੰ ਪੇਕੇ ਪਿੰਡ ਅਰਨੀਵਾਲਾ ਵਿਖੇ ਉਸ ਦਾ ਪਤੀ ਅਤੇ ਸਹੁਰਾ ਘਰ ਦੇ ਬਾਹਰ ਸੁੱਟ ਕੇ ਫਰਾਰ ਹੋ ਗਏ। ਜਿਸ ਤੋਂ ਬਾਅਦ ਉਸ ਨੂੰ ਜਲਾਲਾਬਾਦ ਸਿਵਲ ਹਸਪਤਾਲ 'ਚ ਭਰਤੀ ਕਰਵਾਇਆ ਗਿਆ, ਜਿਥੇ ਡਾਕਟਰਾਂ ਨੇ ਉਸ ਦੀ ਹਾਲਤ ਨਾਜ਼ੁਕ ਦੇਖਦੇ ਹੋਏ ਉਸ ਨੂੰ ਫਰੀਦਕੋਟ ਲਈ ਰੈਫਰ ਕਰ ਕਰ ਦਿੱਤਾ ਗਿਆ।

ਅੰਤਰਰਾਜੀ ਨਸਾ ਤਸਕਰੀ ਗਿਰੋਹ ਦਾ ਪਰਦਾਫਾਸ; 1.78 ਕਰੋੜ ਦਾ ਗਾਂਜਾ ਬਰਾਮਦ

ਨਵੀਂ ਦਿੱਲੀ 25 ਸਤੰਬਰ। ਦਿੱਲੀ ਪੁਲਸ ਨੇ ਇਕ ਅੰਤਰਰਾਜੀ ਨਸਾ ਤਸਕਰੀ ਗਿਰੋਹ ਦਾ ਪਰਦਾਫਾਸ ਕਰਨ ਦਾ ਦਾਅਵਾ ਕਰਦੇ ਹੋਏ 4 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਪੁਲਸ ਨੇ ਮੁਲਜਮਾਂ ਕੋਲੋਂ 357 ਕਿਲੋ ਗਾਂਜਾ ਵੀ ਬਰਾਮਦ ਕੀਤਾ ਹੈ, ਜਿਸ ਦੀ ਕੌਮਾਂਤਰੀ ਬਾਜਾਰ ਵਿਚ ਕੀਮਤ 1.78 ਕਰੋੜ ਰੁਪਏ ਹੈ। ਉਨ੍ਹਾਂ ਦੱਸਿਆ ਕਿ ਮੁਲਜਮ ਆਂਧਰਾ ਪ੍ਰਦੇਸ ਅਤੇ ਓਡੀਸ਼ਾ ਦੇ ਸਰਹੱਦੀ ਇਲਾਕਿਆਂ ਤੋਂ ਨਸੀਲੇ ਪਦਾਰਥ ਲਿਆ ਕੇ ਦਿੱਲੀ-ਐਨਸੀਆਰ ਵਿਚ ਤਸਕਰੀ ਕਰਦੇ ਸਨ। ਦਿੱਲੀ ਪੁਲਸ ਦੀ ਅਪਰਾਧ ਸਾਖਾ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਦੋਸੀਆਂ ਦੀ ਪਛਾਣ ਸੰਦੀਪ,

ਜੋਗਿੰਦਰ, ਨਵੀਨ ਕੁਮਾਰ ਅਤੇ ਰਾਜੇਸ ਵਜੋਂ ਹੋਈ ਹੈ। ਅਧਿਕਾਰੀ ਨੇ ਦੱਸਿਆ ਕਿ ਉਨ੍ਹਾਂ ਨੂੰ ਨਸਾ ਤਸਕਰ ਗਿਰੋਹ ਬਾਰੇ ਸੂਚਨਾ ਮਿਲੀ ਸੀ, ਜਿਸ ਤੋਂ ਬਾਅਦ ਇਸ ਮਾਮਲੇ 'ਚ ਕਾਰਵਾਈ ਕਰਦੇ ਹੋਏ ਸੰਦੀਪ, ਜੋਗਿੰਦਰ ਅਤੇ ਨਵੀਨ ਕੁਮਾਰ ਨੂੰ ਗ੍ਰਿਫਤਾਰ ਕੀ

ਕਹਾਣੀ

ਕੌੜੇ ਰਿਸ਼ਤੇ

ਬਚਿੰਤ ਕੌਰ

ਜੀ ਬੀ ਹੋਟਲ ਦੀ ਗਹਿਮਾ-ਗਹਿਮੀ ਅੱਜ ਦੇਖਣ ਵਾਲੀ ਸੀ। ਚਾਰੋਂ ਤਰਫ ਤਾਜ਼ੇ ਫੁੱਲਾਂ ਦੀ ਖੁਸ਼ਬੋਈ ਨਾਲ ਸਾਰਾ ਹਾਲ ਮਹਿਕੋ-ਮਹਿਕੀ ਹੋਇਆ ਪਿਆ ਸੀ। ਦੋਵੇਂ ਧਿਰਾਂ ਖੁਸ਼ੀ ਵਿੱਚ ਫੂੱਲੀਆਂ ਨਹੀਂ ਸੀ ਸਮਾ ਰਹੀਆਂ। ਸੁਣਿਆ ਸੀ ਮੁੰਡੇ ਵਾਲਿਆਂ ਨੇ ਦਾਜ ਵੀ ਨਹੀਂ ਸੀ ਮੰਗਿਆ। ਅਸ਼ੋਕ ਦੀ ਹੋਣ ਵਾਲੀ ਦੁਲਹਨ ਸ਼ਬਨਮ ਜਿਵੇਂ ਸੱਚਮੁਚ ਅਰਸ਼ੋਂ ਉਤਰੀ ਕੋਈ ਪਰੀ ਹੋਵੇ। ਐਨੀ ਸੁਨੱਖੀ, ਲੰਬੂ ਬਹੂ ਤਾਂ ਅਸ਼ੋਕ ਦੇ ਖਾਨਦਾਨ ਵਿੱਚ ਅਜੇ ਤੱਕ ਨਹੀਂ ਸੀ ਆਈ। ਦੂਲਹਾ-ਦੁਲਹਨ ਸਟੇਜ ਉਤੇ ਬੈਠੇ ਸੱਚਮੁਚ ਬਹੁਤ ਜਚ ਰਹੇ ਸਨ, ਜਿਵੇਂ ਰੱਬ ਨੇ ਇਨ੍ਹਾਂ ਨੂੰ ਇਕ-ਦੂਜੇ ਦੇ ਲਈ ਹੀ ਬਣਾਇਆ ਹੋਵੇ। ਸਭ ਤੋਂ ਪਹਿਲਾਂ ਕੁੜਮਾਈ ਦੀਆਂ ਛਾਪਾਂ ਇਕ-ਦੂਜੇ ਦੀਆਂ ਉਂਗਲੀਆਂ ਵਿੱਚ ਪਾਈਆਂ ਗਈਆਂ। ਫਿਰ ਸਾਰੇ ਭੈਣ-ਭਾਈ ਅਤੇ ਰਿਸ਼ਤੇਦਾਰਾਂ ਨੇ ਗੁਲਾਬ ਦੀਆਂ ਪੱਤੀਆਂ ਦੀ ਇਸ ਨਵੀਂ ਬਣਨ ਵਾਲੀ ਜੋੜੀ ਉਤੇ ਇਉਂ ਵਰਖਾ ਕੀਤੀ, ਜਿਵੇਂ ਆਕਾਸ਼ 'ਚੋਂ ਦੇਵੀ-ਦੇਵਤੇ ਫੂੱਲ ਵਰਸਾ ਰਹੇ ਹੋਣ। ਸ਼ਬਨਮ ਦੇ ਨੈਣਾਂ 'ਚੋਂ ਝਰਦੀ ਖੁਸ਼ੀ ਉਸ ਤੋਂ ਸਾਂਭੀ ਨਹੀਂ ਸੀ ਜਾ ਰਹੀ। ਅਸ਼ੋਕ ਵੀ ਬੇਹੱਦ ਖੁਸ਼ ਨਜ਼ਰ ਆ ਰਿਹਾ ਸੀ, ਕਿਉਂਕਿ ਉਸ ਦੇ ਸਾਰੇ ਦੋਸਤਾਂ ਦੀਆਂ ਨਵ-ਵਿਆਹੀਆਂ ਦੁਲਹਨਾਂ 'ਚੋਂ ਸਭ ਤੋਂ ਸੋਹਣੀ-ਸੁਨੱਖੀ ਸ਼ਬਨਮ ਹੀ ਸੀ। ਇਸ ਖੁਸ਼ੀ ਵਿੱਚ ਉਹ ਫੂੱਲਿਆ ਨਹੀਂ ਸੀ ਸਮਾ ਰਿਹਾ।

ਹੁਣ ਮਾਂ-ਪਿਓ ਅਤੇ ਬਾਕੀ ਭੈਣ-ਭਾਈ ਕੁੜੀ ਵਾਲਿਆਂ ਨੇ ਲੈਣ-ਦੇਣ ਕਰਨਾ ਸੀ। ਸ਼ਬਨਮ ਦੇ ਮਾਮਾ ਜੀ ਨੇ ਸਭ ਤੋਂ ਪਹਿਲਾਂ ਅਸ਼ੋਕ ਦੀ ਮਾਤਾ ਜੀ ਨੂੰ ਦੁਲਹੇ-ਦੁਲਹਨ ਦੇ ਕੋਲ ਹੀ ਬਣੀ ਇਕ ਛੋਟੀ ਸਟੇਜ ਉਤੇ ਆਉਣ ਲਈ ਸਤਿਕਾਰ ਸਹਿਤ ਬੁਲਾਇਆ ਤੇ ਉਸ ਦੇ ਗਲ ਵਿੱਚ ਸੋਨੇ ਦੀ ਜ਼ੰਜੀਰੀ ਪਹਿਨਾਈ ਤੇ ਕੰਨਾਂ ਵਿੱਚ ਹੀਰੇ ਦੇ ਟਾਪਸ ਪਾਏ। ਫਿਰ ਇਸੇ ਤਰ੍ਹਾਂ ਅਸ਼ੋਕ ਦੇ ਪਿਤਾ ਲਖਣ ਪ੍ਰਸ਼ਾਦ ਨੂੰ ਬੁਲਾ ਕੇ ਉਸ ਦੀ ਗਭਲੀ ਉਂਗਲੀ ਵਿੱਚ ਕੁੜੀ ਦੇ ਪਿਤਾ ਨੇ ਅੱਧੇ ਤੋਲੇ ਦੀ ਮੁੰਦਰੀ ਪਹਿਨਾ ਦਿੱਤੀ। ਬਾਕੀ ਲੈਣ-ਦੇਣ ਅਜੇ ਬਾਕੀ ਸੀ ਕਿ ਅਸ਼ੋਕ ਦੇ ਪਿਤਾ ਜੀ ਨੇ ਸ਼ਬਨਮ ਦੇ ਪਿਤਾ ਦੇ ਹੱਥਾਂ ਵਿੱਚ ਹੌਲੀ ਜਿਹੀ 'ਆਈ ਕੌਨ' ਕਾਰ ਦੀਆਂ ਚਾਬੀਆਂ ਚੁੱਪ ਕੇ ਜਿਹੇ ਫੜਾ ਕੇ ਕਿਹਾ, "ਭਾਈ ਸਾਹਿਬ, ਇਹ ਅਸ਼ੋਕ ਨੂੰ ਤੁਸੀਂ ਦੇ ਦਿਓ। ਕਾਰ ਦੀ ਪਹਿਲੀ 20 ਹਜ਼ਾਰ ਰੁਪਏ ਦੀ ਕਿਸ਼ਤ ਦੇ ਦਿੱਤੀ ਹੈ। ਅਸੀਂ ਲੋਕਾਂ ਨੂੰ ਦੱਸਣਾ ਚਾਹੁੰਦੇ ਹਾਂ ਕਿ ਸਿਰਫ ਸੋਹਣੀ-ਸੁਨੱਖੀ ਵਹੁਟੀ ਹੀ ਅਸ਼ੋਕ ਨੂੰ ਨਹੀਂ ਮਿਲੀ, ਬਲਕਿ 'ਆਈ ਕੌਨ' ਕਾਰ ਵੀ ਸ਼ਬਨਮ ਦੇ ਮਾਪਿਆਂ ਨੇ ਅਸ਼ੋਕ ਨੂੰ ਮੰਗਣੀ ਵਿੱਚ ਦਿੱਤੀ ਹੈ।"

ਇਹ ਗੱਲ ਪਹਿਲਾਂ ਤਾਂ ਸ਼ਬਨਮ ਦੇ ਪਾਪਾ ਦੀ ਸਮਝ ਵਿੱਚ ਆਈ ਹੀ ਨਾ..ਪਰ ਕੋਲ ਹੀ ਖੜੀ ਸ਼ਬਨਮ ਦੀ ਮੰਮੀ ਸਾਰੀ ਗੱਲ ਨੂੰ ਬਾਖੂਬੀ ਸਮਝ ਗਈ। ਉਸ ਨੇ ਆਪਣੇ ਪਤੀ ਨੂੰ ਉਹਲੇ ਜਿਹੇ ਵਿੱਚ ਹੋ ਕੇ ਸਮਝਾਇਆ ਕਿ ਇਹ ਕਾਰ ਦੀਆਂ ਚਾਬੀਆਂ ਅਸ਼ੋਕ ਦੇ ਪਿਤਾ ਨੇ ਤੁਹਾਨੂੰ ਅਸ਼ੋਕ ਨੂੰ ਪਕੜਾਉਣ ਲਈ ਇਸ ਲਈ ਦਿੱਤੀਆਂ ਹਨ ਕਿ ਉਹ ਆਪਣੇ ਰਿਸ਼ਤੇਦਾਰਾਂ ਨੂੰ ਇਹ ਦਿਖਾ ਸਕਣ ਕਿ ਅਸ਼ੋਕ ਦੀ ਕੁੜਮਾਈ ਵਿੱਚ ਸਾਡੇ ਵਲੋਂ ਕਾਰ ਵੀ ਦਿੱਤੀ ਗਈ ਹੈ।

ਸਾਰੀ ਗੱਲ ਸਮਝਣ ਪਿੱਛੋਂ ਸ਼ਬਨਮ ਦੇ ਡੈਡੀ ਦੇ ਪੈਰਾਂ ਹੇਠੋਂ ਜ਼ਮੀਨ ਹੀ ਖਿਸਕ ਗਈ। ਇਸ ਦਾ ਮਤਲਬ ਹੈ ਕਿ ਉਹ ਕੁੜਮਾਈ ਵਿੱਚ ਸਾਡੇ ਕੋਲੋਂ ਕਾਰ ਮੰਗਦੇ ਹਨ। ਫਿਰ ਵਿਆਹ ਸਮੇਂ ਪਤਾ ਨਹੀਂ ਹਾਥੀ ਹੀ ਮੰਗ ਲੈਣ।

ਕਾਰ, ਅਸ਼ੋਕ ਦੇ ਪਿਓ ਨੇ ਕਿਸ਼ਤਾਂ ਉਤੇ ਲੈ ਕੇ ਪਹਿਲੀ ਕਿਸ਼ਤ ਆਪ ਦੇ ਦਿੱਤੀ ਸੀ, ਬਾਕੀ ਕਿਸ਼ਤਾਂ ਤਾਂ ਕੁੜੀ ਵਾਲਿਆਂ ਨੂੰ ਹੀ ਦੇਣੀਆਂ ਸਨ। ਸ਼ਬਨਮ ਨੇ ਜਦੋਂ ਆਪਣੇ ਮੰਮੀ-ਡੈਡੀ ਨੂੰ ਇਸ ਉਲਝਣ ਵਿੱਚ ਉਲਝਿਆ ਦੇਖਿਆ ਤਾਂ ਅਸ਼ੋਕ ਤੋਂ ਇਸ ਸਭ ਕੁਝ ਬਾਰੇ ਪੁੱਛਿਆ।

"ਗੱਲ ਕੁਝ ਵੀ ਨਹੀਂ ਸ਼ਬਨਮ, ਮੈਂ ਹੀ ਚਾਹੁੰਦਾ ਸੀ ਕਿ ਮੇਰੀ ਕੁੜਮਾਈ ਵਿੱਚ ਮੈਨੂੰ ਸਹੁਰਿਆਂ ਵਲੋਂ ਕਾਰ ਮਿਲੇ। ਸੋ ਅਸੀਂ ਕਿਸ਼ਤਾਂ ਉਤੇ ਕਾਰ ਲੈ ਕੇ ਚਾਬੀ ਤੇਰੇ ਡੈਡੀ ਦੇ ਹੱਥ ਫੜਾ ਦਿੱਤੀ ਤਾਂ ਕਿ ਲੋਕਾਂ ਸਾਹਮਣੇ ਉਹ ਇਹ ਚਾਬੀ ਮੈਨੂੰ ਸ਼ਗਨ ਵਿੱਚ ਦੇ ਦੇਣ। ਮੇਰੇ ਕਈ ਦੋਸਤਾਂ ਦੇ ਸਹੁਰਿਆਂ ਵਲੋਂ ਵੀ ਦਹੇਜ ਵਿੱਚ ਕਾਰਾਂ ਮਿਲੀਆਂ ਹਨ। ਜੋ ਮੇਰੇ ਫੂਡ ਐਂਡ ਸਪਲਾਈ ਵਿੱਚ ਅਫਸਰ ਹਨ।"

ਅਸ਼ੋਕ ਦੀ ਗੱਲ ਸੁਣ ਕੇ ਸ਼ਬਨਮ ਨੇ ਫਿਰ ਪ੍ਰਸ਼ਨ ਕੀਤਾ, "ਕਾਰ ਹੈ ਕਿੱਥੇ?"

"ਉਹ ਬਾਹਰ ਜੋ ਫੁੱਲਾਂ ਨਾਲ ਸਜੀ ਖੜੀ ਹੈ। ਮੈਂ ਘਰੋਂ ਉਸ ਵਿੱਚ ਹੀ ਤਾਂ ਬੈਠ ਕੇ ਆਇਆ ਹਾਂ।"

ਅਸ਼ੋਕ ਦੀ ਗੱਲ ਨੂੰ ਪੂਰੀ ਤਰ੍ਹਾਂ ਸਮਝਣ ਪਿੱਛੋਂ ਸ਼ਬਨਮ ਨੇ ਆਪਣੇ ਗਲੇ ਵਿੱਚ ਪਏ ਫੂੱਲਾਂ ਦੇ ਹਾਰ ਨੂੰ ਤੋੜ ਕੇ ਪੱਤੀ-ਪੱਤੀ ਕਰ ਸੁੱਟਿਆ ਤੇ ਥਾਉਂ ਦੀ ਥਾਉਂ ਖੜੇ ਹੋ ਕੇ ਉਸ ਨੇ ਪੇਕੇ, ਸਹੁਰਿਆਂ ਦੇ ਸਾਰੇ ਰਿਸ਼ਤੇਦਾਰਾਂ ਵਿੱਚ ਐਲਾਨ ਕਰ ਦਿੱਤਾ।

ਇਹ ਸ਼ਾਦੀ ਮੈਨੂੰ ਕਬੂਲ ਨਹੀਂ। ਅਸੀਂ ਇਹ ਰਿਸ਼ਤਾ ਜੋ ਅਜੇ ਜੁੜਿਆ ਵੀ ਨਹੀਂ, ਤੋੜ ਰਹੇ ਹਾਂ..। ਫਿਰ ਉਸ ਨੇ ਆਪਣੇ ਡੈਡੀ ਹੱਥੋਂ ਕਾਰ ਦੀਆਂ ਚਾਬੀਆਂ ਲੈਂਦਿਆਂ ਅਸ਼ੋਕ ਦੇ ਹੱਥ ਵਿੱਚ ਥਮਾ ਦਿੱਤੀਆਂ ਤੇ ਸੈਂਕੜੇ ਲੋਕਾਂ ਦੇ ਸਾਹਮਣੇ ਆਪਣੀ ਉਂਗਲੀ 'ਚੋਂ ਕੁੜਮਾਈ ਦੀ ਰਿੰਗ ਉਤਾਰ ਕੇ ਅਸ਼ੋਕ ਨੂੰ ਫੜਾ ਦਿੱਤੀ ਤੇ ਅਸ਼ੋਕ ਦੀ ਉਂਗਲੀ ਵਿੱਚ ਪਹਿਨੀ ਮੁੰਦਰੀ ਉਸ ਤੋਂ ਉਤਰਵਾ ਲਈ..। ਇਹ ਸਾਰਾ ਕਾਂਡ ਦੇਖ ਸ਼ਬਨਮ ਦੇ ਪਿਤਾ ਥਰ-ਥਰ ਕੰਬਣ ਲੱਗ ਪਏ। ਉਸ ਦੀ ਮੰਮੀ ਅਤੇ ਹੋਰ ਰਿਸ਼ਤੇਦਾਰ ਵੀ ਘਬਰਾ ਗਏ। ਦੋਵੇਂ ਧਿਰਾਂ ਨਮੋਸ਼ੀ ਦੀ ਪੰਡ ਆਪਣੇ-ਆਪਣੇ ਦਿਲਾਂ ਉਤੇ ਲੈ ਆਪਣੇ-ਆਪਣੇ ਘਰਾਂ ਨੂੰ ਚਲੀਆਂ ਗਈਆਂ।

> ਮਨਪ੍ਰੀਤ ਸਾਰੇ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਆਪਣੇ ਪੱਲਿਓਂ ਪੈਸੇ ਖਰਚਣ ਦੀ ਵੀ ਕੋਈ ਪ੍ਰਵਾਹ ਨਹੀਂ ਸੀ ਕਰ ਰਹੀ। ਸ਼ੁੱਕਰਵਾਰ ਨੂੰ ਘਰ ਵਿੱਚ ਅਖੰਡ ਪਾਠ ਆਰੰਭ ਕਰਨ ਦੀ ਤਰੀਕ ਦੋਵਾਂ ਧਿਰਾਂ ਵੱਲੋਂ ਪੱਕੀ ਕਰਕੇ ਸੋਮਵਾਰ ਵਾਲੇ ਦਿਨ ਬਰਾਤ ਕੁੜੀ ਵਾਲਿਆਂ ਦੇ ਘਰ ਢੁਕਣੀ ਸੀ।ਸ਼ਬਨਮ ਬੇਹੱਦ ਖੁਸ਼ ਸੀ। ਉਸ ਦਾ ਪਿਤਾ ਵੀ ਬੇਟੀ ਦੀ ਸ਼ਾਦੀ ਵਿੱਚ ਖੁਸ਼ ਨਜ਼ਰ ਆ ਰਿਹਾ ਸੀ, ਪਰ ਉਸ ਦੀ ਮੰਮੀ ਦੇ ਚਿਹਰੇ ਉਤੇ ਵਿਆਹ ਦੀ ਖੁਸ਼ੀ ਦੇ ਕੋਈ ਹਾਵ-ਭਾਵ ਨਹੀਂ ਸਨ ਨਜ਼ਰ ਆ ਰਹੇ। ਇਹ ਸਭ ਦੇਖ ਸ਼ਬਨਮ ਨੇ ਆਪਣੀ ਮੰਮੀ ਨੂੰ ਪੁੱਛਿਆ।
> "ਮੰਮੀ ਜੀ ਤੁਸੀਂ ਖੁਸ਼ ਨਹੀਂ ਇਸ ਸ਼ਾਦੀ ਤੋਂ?"
> ਉਸ ਦੀ ਮੰਮੀ ਨੇ ਸ਼ਬਨਮ ਦੀ ਗੱਲ ਦਾ ਕੋਈ ਜਵਾਬ ਨਾ ਦਿੱਤਾ। ਸ਼ਬਨਮ ਨੇ ਫਿਰ ਪਿਆਰ ਜਿਹੇ ਵਿੱਚ ਆ ਕੇ ਪੁੱਛਿਆ, "ਮੰਮੀ ਤੁਹਾਨੂੰ ਕਰਨਲ ਜਸਬੀਰ ਪਸੰਦ ਨਹੀਂ?"

ਘਰ ਆ ਕੇ ਸ਼ਬਨਮ ਦੇ ਪਾਪਾ ਤਾਂ ਜਿਵੇਂ ਸੁੰਨ ਹੀ ਹੋ ਗਏ। ਨਾ ਉਹ ਹੁਣ ਕੁਝ ਖਾਂਦੇ-ਪੀਂਦੇ ਸਨ ਤੇ ਨਾ ਹੀ ਕਿਸੇ ਨਾਲ ਕੋਈ ਗੱਲਬਾਤ ਕਰ ਰਹੇ ਸਨ। ਹੁਣ ਸਾਰੇ ਟੱਬਰ ਨੂੰ ਇਕ ਡਰ ਸਤਾਉਣ ਲੱਗਿਆ ਕਿ ਕੋਈ ਅਣਹੋਣੀ ਨਾ ਵਾਪਰ ਜਾਵੇ। ਖਾਸ ਕਰਕੇ ਸ਼ਬਨਮ ਦੀ ਭੂਆ ਬਹੁਤ ਉਦਾਸ ਸੀ, ਜੋ ਆਪਣੇ ਛੋਟੇ ਵੀਰ ਨੂੰ ਪੁੱਤਾਂ ਤੋਂ ਵੱਧ ਪਿਆਰ ਕਰਦੀ ਸੀ। ਉਹ ਹਰ ਹਾਲ ਆਪਣੇ ਵੀਰ ਦੀ ਵੱਡੀ ਉਮਰ ਚਾਹੁੰਦੀ ਸੀ। ਪ੍ਰਮਾਤਮਾ ਅੱਗੇ ਹੱਥ ਜੋੜ ਅਰਦਾਸਾਂ ਕਰਦੀ ਨਹੀਂ ਸੀ ਥੱਕਦੀ। ਉਹ ਚਾਹੁੰਦੀ ਸੀ ਕਿਵੇਂ ਨਾ ਕਿਵੇਂ ਉਸ ਦਾ ਵੀਰ ਇਸ ਸਦਮੇ ਤੋਂ ਬਾਹਰ ਆ ਜਾਵੇ। ਆਰਮੀ ਵਿੱਚ ਬਤੌਰ ਨਰਸ ਪਿਛਲੇ ਦਸਾਂ ਵਰ੍ਹਿਆਂ ਤੋਂ ਨੌਕਰੀ ਕਰ ਰਹੀ ਸੀ। ਹਸਪਤਾਲ ਵਿੱਚ ਹੁਣ ਉਸ ਦਾ ਅਹੁਦਾ ਬ੍ਰਿਗੇਡੀਅਰ ਦਾ ਸੀ। ਉਸ ਨੇ ਝਟ ਆਪਣੇ ਇਕ ਸਹਿਯੋਗੀ ਕਰਨਲ ਜਸਬੀਰ ਨੂੰ ਫੋਨ ਕਰਕੇ ਪੁੱਛਿਆ, "ਜਸਬੀਰ ਤੂੰ ਵਿਆਹ ਕਰਵਾਉਣਾ ਚਾਹੁੰਦਾ ਹੈਂ?"

"ਚਾਹੁੰਦਾ ਤਾਂ ਹਾਂ ਮੈਮ ਪਰ ਅਜੇ ਕੁੜੀ ਹੀ ਕੋਈ ਪਸੰਦ ਨਹੀਂ ਆਉਂਦੀ ਮੇਰੇ ਘਰਦਿਆਂ ਨੂੰ।"

"ਅੱਛਾ, ਮੈਂ ਸੋਮਵਾਰ ਆਪਣੀ ਡਿਊਟੀ ਜੁਆਇਨ ਕਰਾਂਗੀ, ਫਿਰ ਆਪਾਂ ਬਾਕੀ ਗੱਲਾਂ ਕਰਾਂਗੇ।"

ਕਰਨਲ ਜਸਬੀਰ ਬਾਰੇ ਉਸ ਨੇ ਸ਼ਬਨਮ ਨਾਲ ਸਾਰੀ ਗੱਲ ਕਰ ਲਈ। ਜੇ ਉਹ ਮੰਨ ਜਾਵੇ ਤਾਂ ਮੈਂ ਉਸ ਦੀ ਜਿੰਨੀ ਵੀ ਤਾਰੀਫ ਕਰਾਂ ਓਨੀ ਹੀ ਘੱਟ ਤੇ ਹੈ ਵੀ ਆਪਣੀ ਬਰਾਦਰੀ ਵਿੱਚੋਂ ਹੀ। ਸ਼ਬਨਮ ਨੂੰ ਆਪਣੀ ਭੂਆ ਉਤੇ ਬਹੁਤ ਵਿਸ਼ਵਾਸ ਸੀ। ਇਸ ਲਈ ਉਹ ਜਸਬੀਰ ਨਾਲ ਵਿਆਹ ਕਰਾਉਣ ਲਈ ਪੂਰੀ ਤਰ੍ਹਾਂ ਸਹਿਮਤ ਸੀ।

ਬ੍ਰਿਗੇਡੀਅਰ ਮਨਪ੍ਰੀਤ ਕੌਰ ਨੇ ਜਦੋਂ ਦਿੱਲੀ ਜਾ ਕੇ ਆਪਣੀ ਡਿਊਟੀ ਜੁਆਇਨ ਕੀਤੀ ਤਾਂ ਸਭ ਤੋਂ ਪਹਿਲਾਂ ਕਰਨਲ ਜਸਬੀਰ ਨਾਲ ਸਾਰੀ ਗੱਲ ਕੀਤੀ ਕਿ ਕੁੜੀ ਬਹੁਤ ਸੋਹਣੀ-ਸੁਨੱਖੀ ਹੈ ਅਤੇ ਐਫ ਐਮ ਰੇਡੀਓ ਉਤੇ ਪਿਛਲੇ ਪੰਜ ਵਰ੍ਹਿਆਂ ਤੋਂ ਅਨਾਊਂਸਰ ਲੱਗੀ ਹੋਈ ਹੈ। ਐ ਲੈ ਉਸ ਦੀ ਤਸਵੀਰ ਆਪਣੇ ਮਾਪਿਆਂ ਨੂੰ ਦਿਖਾ ਦੇ ਕੁੜੀ ਤੇਰੇ ਨਾਲ ਬਹੁਤ ਫੱਬੇਗੀ।

ਜਸਬੀਰ ਨੇ ਬ੍ਰਿਗੇਡੀਅਰ ਮਨਪ੍ਰੀਤ ਤੋਂ ਤਸਵੀਰ ਲੈਂਦਿਆਂ ਉਸ ਵੱਲ ਤੱਕਿਆ। ਕੁੜੀ ਦੇ ਨੈਣ-ਨਕਸ਼ ਭੂਆ ਨਾਲ ਕਾਫੀ ਮਿਲਦੇ ਲੱਗੇ। ਭੂਆ ਮਨਪ੍ਰੀਤ ਨੇ ਅਜੇ ਤੱਕ ਸ਼ਾਦੀ ਨਹੀਂ ਸੀ ਕੀਤੀ। ਜਦ ਕਿ ਸਾਰੇ ਹਸਪਤਾਲ ਦੀਆਂ ਨਰਸਾਂ 'ਚੋਂ ਉਹ ਸਭ ਤੋਂ ਸੋਹਣੀ ਸੀ। ਉਹ ਚਾਹੁੰਦੀ ਸੀ ਕਿ ਮੇਰੇ ਵੀਰ ਦੇ ਸਿਰ ਚਾਰ-ਚਾਰ ਧੀਆਂ ਦੀ ਜ਼ਿੰਮੇਵਾਰੀ ਹੈ, ਪਹਿਲਾਂ ਮੈਂ ਇਸ ਦਾ ਬੋਝ ਕੁਝ ਹਲਕਾ ਕਰ ਲਵਾਂ। ਫਿਰ ਆਪਣੇ ਬਾਰੇ ਸੋਚਾਂਗੀ।

ਕਰਨਲ ਜਸਬੀਰ ਨੇ ਤਸਵੀਰ ਨੂੰ ਦੇਖ ਕੇ ਅੰਦਾਜ਼ਾ ਲਗਾ ਲਿਆ ਕਿ ਕੁੜੀ ਕਾਫੀ ਸੁਨੱਖੀ ਹੈ। ਫਿਰ ਉਸ ਨੇ ਇਕ ਨਜ਼ਰ ਆਪਣੇ ਉਤੇ ਵੀ ਪਾਈ। ਉਸ ਨੂੰ ਲੱਗਿਆ ਕਿ ਲੱਗਦਾ ਇਉਂ ਹੈ ਕਿ ਸਾਡੀ ਜੋੜੀ ਖੂਬ ਜਚੇਗੀ। ਉਸ ਨੇ ਝੱਟ ਕੰਪਿਊਟਰ ਉਤੇ ਸ਼ਬਨਮ ਦੀ ਫੋਟੋ ਆਪਣੀ ਵੱਡੀ ਭੈਣ ਜਸਵੰਤ ਨੂੰ ਭੇਜ ਦਿੱਤੀ, ਕਿਉਂਕਿ ਜਸਬੀਰ ਦੇ ਪਰਿਵਾਰ ਵਿੱਚ ਜਸਵੰਤ ਭੈਣ ਦੀ ਗੱਲ ਕੋਈ ਨਹੀਂ ਸੀ ਮੋੜਦਾ।

ਜਸਵੰਤ ਕੌਰ ਨੇ ਜਦੋਂ ਸ਼ਬਨਮ ਦੀ ਤਸਵੀਰ ਦੇਖੀ ਤਾਂ ਜਿਵੇਂ ਉਹ ਤਾਂ ਮੰਤਰ-ਮੁਗਧ ਹੀ ਹੋ ਗਈ। ਲੰਬਾ ਸਰੂ ਦੇ ਬੂਟੇ ਵਰਗਾ ਕੱਦ। ਲੰਬੇ ਕੇਸ, ਨੈਣ-ਨਕਸ਼ ਵੀ ਬਹੁਤ ਪਿਆਰੇ ਲੱਗੇ ਸ਼ਬਨਮ ਦੇ ਜਸਵੰਤ ਕੌਰ ਨੂੰ। ਜਸਬੀਰ ਜਾਣਦਾ ਸੀ ਕਿ ਜੇ ਜਸਵੰਤ ਭੈਣ ਨੂੰ ਕੁੜੀ ਜਚ ਗਈ ਤਾਂ ਉਸ ਦੇ ਬੇਬੇ, ਬਾਪੂ ਰਿਸ਼ਤਾ ਲੈਣ ਵਿੱਚ ਢਿੱਲ ਨਹੀਂ ਕਰਨਗੇ।

ਜਸਵੰਤ ਕੌਰ ਨੇ ਸ਼ਬਨਮ ਦੀ ਤਸਵੀਰ ਆਪਣੀ ਧੀ ਸਤਵੰਤ ਨੂੰ ਦਿਖਾਉਣ ਪਿੱਛੋਂ ਆਪਣੇ ਪਤੀ ਪ੍ਰੀਮ ਸਿੰਘ ਨੂੰ ਵੀ ਦਿਖਾਈ ਤੇ ਸਾਰੇ ਪਰਿਵਾਰ ਦਾ ਪਿਛੋਕੜ ਵੀ ਪ੍ਰੀਤਮ ਸਿੰਘ ਨੂੰ ਦੱਸਿਆ। ਸਾਰੀ ਗੱਲਬਾਤ ਪਿੱਛੋਂ ਪ੍ਰੀਤਮ ਸਿੰਘ ਨੇ ਸੌ ਦੀ ਇਕੋ ਕਹਿ ਸੁਣਾਈ ਕਿ ਚੰਗੇ ਕੰਮ ਵਿੱਚ ਢਿੱਲ ਨਹੀਂ ਕਰਨੀ ਚਾਹੀਦੀ। ਇਹ ਗੱਲ ਤਾਂ ਜਿਵੇਂ ਪ੍ਰੀਤਮ ਸਿੰਘ ਨੇ ਜਸਵੰਤ ਕੌਰ ਦੇ ਦਿਲ ਦੀ ਹੀ ਕਹਿ ਦਿੱਤੀ ਸੀ।

ਜਸਵੰਤ ਕੌਰ ਨੇ ਫੋਨ ਉਤੇ ਮਨਪ੍ਰੀਤ ਨਾਲ ਸਾਰੀ ਗੱਲ ਖੋਲ੍ਹ ਲਈ ਤੇ ਮਨਪ੍ਰੀਤ ਨੇ ਜਸਵੰਤ ਕੌਰ ਨੂੰ ਸ਼ਬਨਮ ਦੇ ਟੁੱਟ ਚੁੱਕੇ ਰਿਸ਼ਤੇ ਬਾਰੇ ਸੱਚ-ਸੱਚ ਸਭ ਕੁਝ ਦੱਸ ਦਿੱਤਾ ਤਾਂ ਕਿ ਕਿਸੇ ਗੱਲ ਦਾ ਕੋਈ ਲੁਕੋ-ਛਪੋ ਨਾ ਰਹਿ ਜਾਵੇ। ਇਥੋਂ ਤੱਕ ਕਿ ਟੈਲੀਫੋਨ ਉਤੇ ਜਸਵੰਤ ਕੌਰ ਨਾਲ ਸ਼ਬਨਮ ਦੀ ਗੱਲ ਵੀ ਕਰਵਾ ਦਿੱਤੀ।

ਹੁਣ ਸ਼ਬਨਮ ਖੁਸ਼ ਸੀ। ਉਸ ਦੇ ਮਾਪਿਆਂ ਦੀ ਲਾਜ ਵੀ ਰਹਿ ਜਣੀ ਸੀ। ਮੁੰਡਾ ਵੀ ਪਹਿਲੇ ਮੁੰਡੇ ਨਾਲੋਂ ਚੰਗਾ ਮਿਲ ਗਿਆ ਸੀ। ਮਨਪ੍ਰੀਤ ਦੇ ਭਰਾ ਨੇ ਮੈਰਿਜ ਪੈਲੇਸ ਵਾਲਿਆਂ ਨੂੰ ਅਤੇ ਖਾਣੇ ਵਾਲਿਆਂ ਨੂੰ ਸਾਈ ਪਹਿਲਾਂ ਹੀ ਫੜਾਈ ਹੋਈ ਸੀ। ਸਭ ਕੁਝ ਪਿਛਲੀ ਮਿਥੀ ਤਰੀਕ ਉਤੇ ਕਰਨਾ ਹੀ ਉਹ ਮੰਨ ਗਏ ਸਨ। ਕਰਨਲ ਜਸਬੀਰ ਸਿੰਘ ਦੇ ਮਾਤਾ-ਪਿਤਾ ਭਲੇ ਬੰਦੇ ਸਨ। ਮਨਪ੍ਰੀਤ ਨੇ ਆਪਣੇ ਭਰਾ ਦੀ ਸੁੱਖ ਮਨਾਉਂਦਿਆਂ ਵਿਆਹ ਦੀ ਸਾਰੀ ਜ਼ਿੰਮੇਵਾਰੀ ਆਪਣੇ ਜ਼ਿੰਮੇ ਲੈ ਕੇ ਦੂਜੀ ਵਾਰ ਕਾਜ ਆਰੰਭ ਕਰਨ ਲਈ ਆਪਣੀ ਪੂਰੀ ਵਾਹ ਲਾ ਛੱਡੀ ਸੀ। ਸ਼ਬਨਮ ਦੇ ਚਿਹਰੇ ਉਤੇ ਵੀ ਖੇੜਾ ਆ ਗਿਆ ਸੀ। ਉਸ ਦਾ ਡੈਡੀ ਵੀ ਇਸ ਨਵੇਂ ਰਿਸ਼ਤੇ ਅਤੇ ਜਸਬੀਰ ਬਾਰੇ ਜਾਣ ਕੇ ਹੁਣ ਖੁਸ਼ ਨਜ਼ਰ ਆ ਰਿਹਾ ਸੀ।

ਮਨਪ੍ਰੀਤ ਸਾਰੇ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਆਪਣੇ ਪੱਲਿਓਂ ਪੈਸੇ ਖਰਚਣ ਦੀ ਵੀ ਕੋਈ ਪ੍ਰਵਾਹ ਨਹੀਂ ਸੀ ਕਰ ਰਹੀ। ਸ਼ੁੱਕਰਵਾਰ ਨੂੰ ਘਰ ਵਿੱਚ ਅਖੰਡ ਪਾਠ ਆਰੰਭ ਕਰਨ ਦੀ ਤਰੀਕ ਦੋਵਾਂ ਧਿਰਾਂ ਵੱਲੋਂ ਪੱਕੀ ਕਰਕੇ ਸੋਮਵਾਰ ਵਾਲੇ ਦਿਨ ਬਰਾਤ ਕੁੜੀ ਵਾਲਿਆਂ ਦੇ ਘਰ ਢੁਕਣੀ ਸੀ। ਸ਼ਬਨਮ ਬੇਹੱਦ ਖੁਸ਼ ਸੀ। ਉਸ ਦਾ ਪਿਤਾ ਵੀ ਬੇਟੀ ਦੀ ਸ਼ਾਦੀ ਵਿੱਚ ਖੁਸ਼ ਨਜ਼ਰ ਆ ਰਿਹਾ ਸੀ, ਪਰ ਉਸ ਦੀ ਮੰਮੀ ਦੇ ਚਿਹਰੇ ਉਤੇ ਵਿਆਹ ਦੀ ਖੁਸ਼ੀ ਦੇ ਕੋਈ ਹਾਵ-ਭਾਵ ਨਹੀਂ ਸਨ ਨਜ਼ਰ ਆ ਰਹੇ। ਇਹ ਸਭ ਦੇਖ ਸ਼ਬਨਮ ਨੇ ਆਪਣੀ ਮੰਮੀ ਨੂੰ ਪੁੱਛਿਆ।

"ਮੰਮੀ ਜੀ ਤੁਸੀਂ ਖੁਸ਼ ਨਹੀਂ ਇਸ ਸ਼ਾਦੀ ਤੋਂ?"

ਉਸ ਦੀ ਮੰਮੀ ਨੇ ਸ਼ਬਨਮ ਦੀ ਗੱਲ ਦਾ ਕੋਈ ਜਵਾਬ ਨਾ ਦਿੱਤਾ। ਸ਼ਬਨਮ ਨੇ ਫਿ

'ਆਪ' ਨੇ ਭਾਜਪਾ ਸਰਕਾਰ 'ਤੇ ਪੰਜਾਬ ਨਾਲ ਲਗਾਤਾਰ ਵਿਤਕਰਾ ਕਰਨ ਦਾ ਲਾਇਆ ਦੋਸ਼

ਸੰਸਦ ਮੈਂਬਰ ਮਲਵਿੰਦਰ ਕੰਗ ਨੇ ਜੇਪੀ ਨੱਡਾ ਨੂੰ ਪੰਜਾਬ ਦੇ ਬਕਾਇਆ ਫੰਡਾਂ ਦੀ ਦਿਵਾਈ ਯਾਦ, ਕਿਹਾ ਕੇਂਦਰ ਸਰਕਾਰ ਨੇ 8,000 ਕਰੋੜ ਰੁਪਏ ਰੋਕੇ

ਚੰਡੀਗੜ੍ਹ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਅਤੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਆਯੁਸ਼ਮਾਨ ਯੋਜਨਾ ਦੇ ਬਕਾਇਆ ਫੰਡਾਂ ਬਾਰੇ ਭਾਜਪਾ ਪ੍ਰਧਾਨ ਅਤੇ ਸਿਹਤ ਮੰਤਰੀ ਜੇਪੀ ਨੱਡਾ ਦੇ ਬਿਆਨ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ। ਕੰਗ ਨੇ ਭਾਜਪਾ ਸਰਕਾਰ ਵੱਲੋਂ ਪੰਜਾਬ ਨਾਲ ਕੀਤੇ ਜਾ ਰਹੇ ਵਿਤਕਰੇ 'ਤੇ ਅਫਸੋਸ ਜ਼ਾਹਰ ਕਰਦਿਆਂ ਨੱਡਾ ਨੂੰ ਸੂਬੇ ਦੇ ਬਕਾਏ ਵੱਖ-ਵੱਖ ਫੰਡਾਂ ਦੀ ਵੀ ਯਾਦ ਦਿਵਾਈ।

ਸ਼ਨੀਵਾਰ ਨੂੰ ਪਾਰਟੀ ਦਫਤਰ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਆਯੁਸ਼ਮਾਨ ਭਾਰਤ ਯੋਜਨਾ ਤਹਿਤ ਕੁੱਲ 376 ਕਰੋੜ ਰੁਪਏ ਦੀ ਰਾਸ਼ੀ ਵਿੱਚੋਂ 220 ਕਰੋੜ ਰੁਪਏ ਕੇਂਦਰ ਸਰਕਾਰ ਦੇ ਬਕਾਇਆ ਹਨ। ਉਨ੍ਹਾਂ ਇਹ ਵੀ ਉਜਾਗਰ ਕੀਤਾ ਕਿ ਕੇਂਦਰ ਸਰਕਾਰ ਨੇ ਪੰਜਾਬ ਲਈ ਨੈਸ਼ਨਲ ਹੈਲਥ ਮਿਸ਼ਨ (ਐਨ.ਐਚ.ਐਮ.) ਦੇ ਫੰਡਾਂ ਵਿੱਚ 950 ਕਰੋੜ ਰੁਪਏ ਰੋਕੇ ਹੋਏ ਹਨ।

ਕੰਗ ਨੇ ਦੱਸਿਆ ਕਿ ਇਨ੍ਹਾਂ ਫੰਡਾਂ ਤੋਂ ਇਲਾਵਾ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਪੰਜਾਬ ਦੇ ਪੇਂਡੂ ਵਿਕਾਸ ਫੰਡ ਅਤੇ ਮੰਡੀ ਵਿਕਾਸ ਫੰਡ ਵੀ ਰੋਕੇ ਹੋਏ ਹਨ। ਉਨ੍ਹਾਂ ਕਿਹਾ ਕਿ ਆਰਡੀਐਫ ਵਿੱਚ 6,800 ਕਰੋੜ ਰੁਪਏ ਅਤੇ ਐਮਡੀਐਫ ਵਿੱਚ 177 ਕਰੋੜ ਰੁਪਏ ਕੇਂਦਰ ਸਰਕਾਰ ਵੱਲ ਬਕਾਇਆ ਹਨ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਵਿਆਪਕ ਵਿਰੋਧ ਕਾਰਨ ਕਿਸਾਨ ਵਿਰੋਧੀ ਬਿੱਲ ਵਾਪਸ ਲੈਣ ਲਈ ਮਜ਼ਬੂਰ ਹੋਈ ਸੀ। ਪਰ ਉਹ ਹੁਣ ਪੰਜਾਬ ਦੀ ਮੰਡੀ ਸਿਸਟਮ ਨੂੰ ਯੋਜਨਾਬੱਧ ਢੰਗ ਨਾਲ ਢਾਹ ਲਾ ਰਹੀ ਹੈ। ਕੰਗ ਨੇ ਅੱਗੇ ਕਿਹਾ ਕਿ ਵਾਰ-ਵਾਰ ਬੇਨਤੀਆਂ ਕਰਨ

ਦੇ ਬਾਵਜੂਦ ਕੇਂਦਰ ਸਰਕਾਰ ਪੰਜਾਬ ਦੇ ਗੋਦਾਮਾਂ ਵਿੱਚੋਂ ਅਨਾਜ ਖਾਲੀ ਨਹੀਂ ਕਰ ਰਹੀ, ਕਿਉਂਕਿ ਜਲਦੀ ਹੀ ਮੰਡੀਆਂ ਵਿੱਚ ਨਵਾਂ ਝੋਨਾ ਆਉਣਾ ਸ਼ੁਰੂ ਹੋ ਜਾਵੇਗਾ।

ਕੰਗ ਨੇ ਕਿਹਾ ਕਿ 'ਆਪ' ਦੇ ਸੰਸਦ ਮੈਂਬਰਾਂ ਨੇ ਲੋਕ ਸਭਾ ਅਤੇ ਰਾਜ ਸਭਾ ਦੋਵਾਂ ਵਿੱਚ ਬਕਾਇਆ ਫੰਡਾਂ ਦਾ ਮੁੱਦਾ ਲਗਾਤਾਰ ਉਠਾਇਆ, ਪਰ ਕੋਈ ਫਾਇਦਾ ਨਹੀਂ ਹੋਇਆ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਪੇਂਡੂ ਵਿਕਾਸ ਫੰਡ ਅਤੇ ਐਨਐਚਐਮ ਸਮੇਤ ਵੱਖ-ਵੱਖ ਕੇਂਦਰੀ ਸਕੀਮਾਂ ਦੇ ਤਹਿਤ ਮਿਲਣ ਵਾਲੇ ਪੰਜਾਬ ਦੇ 8,000 ਕਰੋੜ ਰੁਪਏ ਤੋਂ ਵੱਧ ਰੋਕ ਰਹੀ ਹੈ। ਕੰਗ ਨੇ ਜੇਪੀ ਨੱਡਾ ਨੂੰ ਚੁਣੌਤੀ ਦਿੱਤੀ ਕਿ ਜੇਕਰ ਕੇਂਦਰ ਸਰਕਾਰ ਨੂੰ ਪੰਜਾਬ ਦੇ ਲੋਕਾਂ ਦੀ ਸੱਚਮੁੱਚ ਪਰਵਾਹ ਹੈ ਤਾਂ ਇੰਨੇ ਮਹੱਤਵਪੂਰਨ ਫੰਡ ਕਿਉਂ ਰੋਕੇ ਜਾ ਰਹੇ ਹਨ। ਭਾਜਪਾ ਦੀ ਇੱਕ ਹੋਰ ਪੰਜਾਬ ਵਿਰੋਧੀ ਕਾਰਵਾਈ ਦਾ ਪਰਦਾਫਾਸ਼ ਕਰਦਿਆਂ ਕੰਗ ਨੇ ਮੀਡੀਆ ਨੂੰ ਦੱਸਿਆ ਕਿ ਕੇਂਦਰ ਸਰਕਾਰ ਨੇ ਪੀ.ਐਸ.ਪੀ.ਸੀ.ਐਲ. ਦੀ ਕਰਜ਼ਾ ਹੱਦ 50% ਘਟਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੇ ਲਗਾਤਾਰ ਪੰਜਾਬ ਅਤੇ ਕਿਸਾਨਾਂ ਦੇ ਹਿੱਤਾਂ ਵਿਰੁੱਧ ਕੰਮ ਕੀਤਾ ਹੈ ਅਤੇ ਉਹ ਪੰਜਾਬ ਨੂੰ ਬਕਾਇਆ ਫੰਡ ਜਾਰੀ ਕਰਨ ਦੀ ਬਜਾਏ ਆਪਣੀਆਂ ਨਾਕਾਮੀਆਂ ਲਈ ਸੂਬਾ ਸਰਕਾਰ ਨੂੰ ਜ਼ਿੰਮੇਵਾਰ ਠਹਿਰਾ ਰਹੀ ਹੈ। ਕੰਗ ਨੇ ਸਿਹਤ ਖੇਤਰ ਲਈ ਜੀਡੀਪੀ ਦਾ 2.5% ਅਲਾਟ ਕਰਨ ਦੇ ਵਾਅਦੇ ਲਈ ਭਾਜਪਾ ਦੀ ਆਲੋਚਨਾ ਕਰਦਿਆਂ ਕਿਹਾ ਕਿ ਅਸਲੀਅਤ ਬਿਲਕੁਲ ਵੱਖਰੀ ਹੈ। ਇੱਕ ਪ੍ਰਮੁੱਖ ਅਖਬਾਰ ਨੇ ਦੱਸਿਆ ਕਿ ਭਾਜਪਾ ਸਰਕਾਰ ਸਿਹਤ ਦੇ ਮੋਰਚੇ 'ਤੇ ਅਸਫਲ ਰਹੀ ਹੈ। ਸਿਹਤ 'ਤੇ ਜੀਡੀਪੀ ਦਾ 0.8% ਤੋਂ ਘੱਟ ਖਰਚ ਕੀਤਾ ਜਾ ਰਿਹਾ ਹੈ॥

ਕੰਗ ਨੇ ਦਲੀਲ ਦਿੱਤੀ ਕਿ ਆਪਣੀਆਂ ਕਮੀਆਂ ਤੋਂ ਧਿਆਨ ਭਟਕਾਉਣ ਲਈ ਭਾਜਪਾ ਆਗੂ ਅਸਲ ਮੁੱਦਿਆਂ ਨੂੰ ਹੱਲ ਕਰਨ ਦੀ ਬਜਾਏ ਅਜਿਹੇ ਬਿਆਨ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਲਈ ਸਾਰੇ ਬਕਾਇਆ ਫੰਡ ਤੁਰੰਤ ਜਾਰੀ ਕਰੇ ਤਾਂ ਜੋ ਸੂਬੇ ਦੇ ਵਿਕਾਸ ਵਿਚ ਕੋਈ ਰੁਕਾਵਟ ਨਾ ਆਵੇ।

ਪ੍ਰਨੀਤ ਕੌਰ ਨੇ 2024 ਦੀਆਂ ਸੰਸਦੀ ਚੋਣਾਂ ਵਿੱਚ ਸਾਥ ਲਈ ਪਟਿਆਲਾ ਵਿੱਚ ਧੰਨਵਾਦੀ ਪ੍ਰੋਗਰਾਮ ਦੀ ਮੇਜ਼ਬਾਨੀ ਕੀਤੀ

ਪਟਿਆਲਾ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਤੋਂ ਸਾਬਕਾ ਸੰਸਦ ਮੈਂਬਰ ਅਤੇ ਸੀਨੀਅਰ ਭਾਜਪਾ ਆਗੂ ਪ੍ਰਨੀਤ ਕੌਰ ਨੇ ਪਿਛਲੀਆਂ ਸੰਸਦੀ ਚੋਣਾਂ ਦੌਰਾਨ ਪਾਰਟੀ ਵਰਕਰਾਂ ਦੇ ਅਟੁੱਟ ਸਮਰਥਨ ਲਈ ਧੰਨਵਾਦ ਕਰਨ ਲਈ ਅੱਜ ਪਟਿਆਲਾ ਵਿੱਚ ਇੱਕ ਧੰਨਵਾਦੀ ਪ੍ਰੋਗਰਾਮ ਦੀ ਮੇਜ਼ਬਾਨੀ ਕੀਤੀ। ਇਸ ਸਮਾਗਮ ਵਿੱਚ ਵਰਕਰਾਂ, ਸੀਨੀਅਰ ਆਗੂਆਂ ਅਤੇ ਸ਼ੁਭਚਿੰਤਕਾਂ ਨੇ ਭਾਰੀ ਗਿਣਤੀ ਵਿੱਚ ਸ਼ਿਰਕਤ ਕੀਤੀ।

ਪ੍ਰਨੀਤ ਕੌਰ ਨੇ ਉਨ੍ਹਾਂ ਨੂੰ ਵੋਟ ਪਾਉਣ ਵਾਲੇ ਹਰੇਕ ਵਰਕਰ ਅਤੇ ਨਾਗਰਿਕ ਦਾ ਤਹਿ ਦਿਲੋਂ ਧੰਨਵਾਦ ਕੀਤਾ। ਤੁਸੀਂ ਲੋਕਾਂ ਨੇ ਮੈਨੂੰ ਸ਼ਹਿਰ ਤੋਂ ਵੱਡੀ ਲੀਡ ਦਿੱਤੀ ਹੈ, ਅਤੇ ਮੈਂ ਤੁਹਾਡੇ ਸਾਰਿਆਂ ਦੀ ਪੂਰੀ ਰਿਣੀ ਹਾਂ, ਉਸਨੇ ਭਾਰੀ ਸਮਰਥਨ ਨੂੰ ਸਵੀਕਾਰ ਕਰਦਿਆਂ ਕਿਹਾ। ਉਨ੍ਹਾਂ ਨੇ ਮਹਿਲਾ ਮੋਰਚੇ ਦੀ ਸਖ਼ਤ ਮਿਹਨਤ ਅਤੇ ਲਗਨ ਲਈ ਵੀ ਪ੍ਰਸ਼ੰਸਾ ਕੀਤੀ।

ਪ੍ਰਨੀਤ ਦੀ ਬੇਟੀ ਜੈ ਇੰਦਰ ਕੌਰ ਨੇ ਮੈਂਬਰਸ਼ਿਪ ਮੁਹਿਮ ਲਈ ਸਖ਼ਤ ਮਿਹਨਤ ਕਰਨ ਅਤੇ ਪਾਰਟੀ ਨੂੰ ਮਜ਼ਬੂਤ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਪ੍ਰਨੀਤ ਕੌਰ ਨੇ ਵੀ ਆਪਣੇ ਪਰਿਵਾਰ ਦੇ ਸਮਰਥਨ ਨੂੰ ਸਵੀਕਾਰ ਕਰਦੇ ਹੋਏ ਕਿਹਾ, ਹਰ ਔਖੇ ਅਤੇ ਸੌਖੇ ਸਮੇਂ ਵਿੱਚ ਪਟਿਆਲਾ ਪਰਿਵਾਰ ਹਮੇਸ਼ਾ ਸਾਡੇ ਨਾਲ ਖੜ੍ਹਾ ਹੈ। ਜਦੋਂ ਅਸੀਂ ਭਾਜਪਾ ਵਿੱਚ ਸ਼ਾਮਲ ਹੋਏ, ਤਾਂ ਤੁਸੀਂ ਸਾਰੇ ਸਾਡੇ ਨਾਲ ਆਏ ਅਤੇ ਸਾਨੂੰ ਪੂਰਾ ਸਮਰਥਨ ਦਿੱਤਾ। ਉਨ੍ਹਾਂ ਵਰਕਰਾਂ ਨੂੰ ਭਰੋਸਾ ਦਿਵਾਇਆ ਕਿ ਉਹ ਉਨ੍ਹਾਂ ਅਤੇ ਪਾਰਟੀ ਲਈ ਹਮੇਸ਼ਾ ਮੌਜੂਦ ਰਹਿਣਗੇ।

ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਪ੍ਰਨੀਤ ਕੌਰ ਨੇ ਪੰਜਾਬ ਵਿੱਚ ਵਿਗੜ ਰਹੀ ਅਮਨ-ਕਾਨੂੰਨ ਦੀ ਸਥਿਤੀ 'ਤੇ ਚਿੰਤਾ ਪ੍ਰਗਟਾਈ। ਉਨ੍ਹਾਂ ਨੇ ਸੂਬੇ ਖਾਸ ਕਰਕੇ ਮਾਲਵੇ ਵਿੱਚ ਆਪਣੀ ਮੌਜੂਦਗੀ ਨੂੰ ਮਜ਼ਬੂਤ ਕਰਨ ਲਈ ਪਾਰਟੀ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ। ਇੱਕ ਰਾਸ਼ਟਰ, ਇੱਕ ਚੋਣ ਇੱਕ ਚੰਗਾ ਵਿਚਾਰ ਹੈ, ਕਿਉਂਕਿ ਇਹ ਸਮੇਂ ਅਤੇ ਪੈਸੇ ਦੀ ਬਚਤ ਕਰੇਗਾ, ਉਨ੍ਹਾਂ ਨੇ ਅੱਗੇ ਕਿਹਾ।

ਪਟਿਆਲਾ ਤੋਂ ਸਾਬਕਾ ਕੌਂਸਲਰ ਅਤੁਲ ਜੋਸ਼ੀ ਨੇ ਪ੍ਰਨੀਤ ਕੌਰ ਦੀ ਤਾਰੀਫ਼ ਕੀਤੀ ਕਿ ਉਹ ਕੋਰੋਨਾ, ਹੜ੍ਹ ਜਾਂ ਹੋਰ ਚੁਣੌਤੀਆਂ ਦੌਰਾਨ ਸ਼ਹਿਰ ਅਤੇ ਜ਼ਿਲੇ ਦੇ ਨਾਲ ਹਮੇਸ਼ਾਂ ਖੜੇ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਲਈ ਪੂਰਾ ਪਟਿਆਲਾ ਉਨ੍ਹਾਂ ਨੂੰ ਨਾ ਸਿਰਫ਼ ਸਾਡੀ ਨੇਤਾ ਸਗੋਂ ਸਾਡੀ ਮਾਂ ਵਜੋਂ ਵੀ ਸਤਿਕਾਰਦਾ ਹੈ।

ਸਮਾਗਮ ਦੀ ਸਮਾਪਤੀ ਮਹਾਰਾਣੀ ਪ੍ਰਨੀਤ ਕੌਰ ਅਤੇ ਭਾਰਤੀ ਜਨਤਾ ਪਾਰਟੀ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਹੋਈ ਜਦੋਂ ਕਿ ਵਰਕਰਾਂ ਅਤੇ ਸਮਰਥਕਾਂ ਨੇ ਪ੍ਰਨੀਤ ਕੌਰ ਦੀ ਅਗਵਾਈ ਦੀ ਸ਼ਲਾਘਾ ਕੀਤੀ।

ਡਾ. ਬਲਬੀਰ ਸਿੰਘ ਵੱਲੋਂ ਪਟਿਆਲਾ ਦਿਹਾਤੀ ਹਲਕੇ ਦੇ ਪਿੰਡਾਂ ਨੂੰ ਸਰਬਸੰਮਤੀ ਨਾਲ ਪੰਚਾਇਤ ਚੁਣਨ ਦੀ ਸੱਦਾ

ਸਿਹਤ ਮੰਤਰੀ ਡਾ. ਬਲਬੀਰ ਸਿੰਘ ਪਟਿਆਲਾ ਦਿਹਾਤੀ ਹਲਕੇ ਦੇ ਪਿੰਡ ਹਿਰਦਾਪੁਰਾ ਵਿਖੇ ਮਨਰੇਗਾ ਕਾਮਿਆਂ ਨਾਲ ਗੱਲਬਾਤ ਕਰਦੇ ਹੋਏ।

ਪਟਿਆਲਾ, 25 ਸਤੰਬਰ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਸਮੁੱਚੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਲਗਾਤਾਰ ਦੂਸਰੇ ਦਿਨ ਪਟਿਆਲਾ ਦਿਹਾਤੀ ਦੇ ਪਿੰਡਾਂ ਵਿੱਚ ਰਹੇ। ਇਸ ਮੌਕੇ ਉਨ੍ਹਾਂ ਲੋਕਾਂ ਦੀਆਂ ਮੁਸ਼ਕਲਾਂ ਨੂੰ ਸੁਣਕੇ ਮੌਕੇ 'ਤੇ ਹੀ ਮੁਸ਼ਕਲਾਂ ਦਾ ਨਿਪਟਾਰਾ ਕਰਨ ਲਈ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਅਤੇ ਸਾਰੇ ਕੰਮਾਂ ਨੂੰ ਪੂਰਾ ਕਰਨ ਲਈ ਹਰੇਕ ਕੰਮ ਦੀ ਸਮਾਂ ਸੀਮਾ ਨਿਰਧਾਰਤ ਕੀਤੀ। 'ਤੁਹਾਡਾ ਐਮ.ਐਲ.ਏ. ਤੁਹਾਡੇ ਵਿੱਚਕਾਰ' ਪ੍ਰੋਗਰਾਮ ਤਹਿਤ ਪਟਿਆਲਾ ਦਿਹਾਤੀ ਹਲਕੇ ਦੇ ਪਿੰਡਾਂ ਦਾ ਦੌਰਾ ਕਰਨ ਮੌਕੇ ਉਨ੍ਹਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ ਨਵਰੀਤ ਕੌਰ ਸੇਖੋਂ, ਐਸ.ਡੀ.ਐਮ. ਪਟਿਆਲਾ ਅਰਵਿੰਦ ਕੁਮਾਰ ਸਮੇਤ ਸਮੂਹ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਪਟਿਆਲਾ ਦਿਹਾਤੀ ਦੇ ਪਿੰਡਾਂ ਨੂੰ ਆਪਣੀ ਪੰਚਾਇਤ ਸਰਬਸੰਮਤੀ ਨਾਲ ਚੁਣਨ ਦਾ ਸੱਦਾ ਦਿੰਦਿਆਂ ਕਿਹਾ ਕਿ ਇਸ ਨਾਲ ਜਿਥੇ ਪਿੰਡਾਂ ਵਿੱਚ ਭਾਈਚਾਰਕ ਸਾਂਝ ਵਧੇਗੀ, ਉਥੇ ਹੀ ਧੜੇਬੰਦੀ ਖਤਮ ਹੋਵੇਗੀ ਤੇ ਪਿੰਡ ਤੇਜ਼ੀ ਨਾਲ ਵਿਕਾਸ ਕਰਨਗੇ। ਉਨ੍ਹਾਂ ਕਿਹਾ ਕਿ ਜਿਹੜਾ ਪਿੰਡ ਸਰਬਸੰਮਤੀ ਨਾਲ ਪੰਚਾਇਤ ਦੀ ਚੋਣ ਕਰੇਗਾ, ਉਸ ਪਿੰਡ ਨੂੰ ਪੰਜਾਬ ਸਰਕਾਰ ਵੱਲੋਂ 5 ਲੱਖ ਰੁਪਏ ਦੀ ਗਰਾਂਟ ਤੋਂ ਇਲਾਵਾ ਸਟੇਡੀਅਮ ਜਾਂ ਸਕੂਲ ਜਾਂ ਹਸਪਤਾਲ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਪਟਿਆਲਾ ਦਿਹਾਤੀ ਹਲਕੇ ਦੇ ਜਿਹੜੇ ਪਿੰਡ ਸਰਬਸੰਮਤੀ ਨਾਲ ਪੰਚਾਇਤ ਬਣਾਉਣਗੇ ਉਨ੍ਹਾਂ ਨੂੰ ਉਹ ਆਪਣੇ ਅਖਤਿਆਰੀ ਫੰਡ ਵਿੱਚੋਂ 5 ਲੱਖ ਰੁਪਏ ਹੋਰ ਦੇਣਗੇ, ਇਹ 10 ਲੱਖ ਰੁਪਏ ਪਿੰਡਾਂ ਦੇ ਵਿਕਾਸ 'ਤੇ ਲੱਗ ਸਕਣਗੇ।

ਡਾ. ਬਲਬੀਰ ਸਿੰਘ ਨੇ ਅੱਜ ਪਿੰਡ ਮੰਡੌੜ, ਹਿਰਦਾਪੁਰ, ਬਖ਼ਸ਼ੀਵਾਲਾ, ਸਿੱਧੂਵਾਲ, ਜੱਸੋਵਾਲ, ਸਿਊਣਾ, ਲੰਗ ਤੇ ਚਲੈਲਾ ਪਿੰਡਾਂ ਦਾ ਦੌਰਾ ਕੀਤਾ ਤੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਸੁਣਿਆ। ਉਨ੍ਹਾਂ ਕਿਹਾ ਕਿ ਪਟਿਆਲਾ ਦਿਹਾਤੀ ਦੇ ਤਕਰੀਬਨ ਹਰੇਕ ਪਿੰਡ ਵਿੱਚ ਵਿਕਾਸ ਕਾਰਜ ਜਾਰੀ ਹਨ ਤੇ ਇਹ ਕੰਮ ਲਗਾਤਾਰ ਚੱਲਦੇ ਰਹਿਣਗੇ। ਉਨ੍ਹਾਂ ਕਿਹਾ ਕਿ ਪਟਿਆਲਾ ਦਿਹਾਤੀ ਹਲਕੇ ਦੇ ਪਿੰਡਾਂ ਨੂੰ ਕੂੜਾ ਮੁਕਤ ਕਰਨ ਲਈ ਇਥੇ ਠੋਸ ਤੇ ਤਰਲ ਕੂੜਾ ਪ੍ਰਬੰਧਨ ਲਈ ਛੋਟੇ ਛੋਟੇ ਪਲਾਟ ਲਗਾਏ ਜਾ ਰਹੇ ਹਨ।

ਆਪਣੇ ਦੌਰੇ ਦੌਰਾਨ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਪਿੰਡ ਹਿਰਦਾਪੁਰ ਵਿਖੇ ਕੰਮ ਕਰਦੇ ਮਨਰੇਗਾ ਕਾਮਿਆਂ ਕੋਲ ਰੁੱਕੇ ਅਤੇ ਉਨ੍ਹਾਂ ਭੁੰਜੇ ਬੈਠਕੇ ਮਨਰੇਗਾ ਕਾਮਿਆਂ ਦੀਆਂ ਮੁਸ਼ਕਲਾਂ ਸੁਣੀਆਂ ਤੇ ਅਧਿਕਾਰੀਆਂ ਨੂੰ ਮਨਰੇਗਾ ਕਾਮਿਆਂ ਨੂੰ ਲਗਾਤਾਰ ਕੰਮ ਦੇਣ ਦੇ ਨਿਰਦੇਸ਼ ਦਿੰਦਿਆਂ ਕਿਹਾ ਕਿ ਪਿੰਡ ਹਿਰਦਾਪੁਰ 'ਚੋਂ ਲੰਘਦੇ ਰਜਵਾਹੇ ਦੇ ਨਾਲ ਨਾਲ ਬੂਟੇ ਲਗਾਏ ਜਾਣ, ਜਿਥੇ ਮਨਰੇਗਾ ਕਾਮਿਆਂ ਨੂੰ ਸਾਲ ਭਰ ਕੰਮ ਮਿਲਦਾ ਰਹੇਗਾ। ਉਨ੍ਹਾਂ ਕਿਹਾ ਜਿਹੜੇ ਪਿੰਡਾਂ ਵਿੱਚ ਮਨਰੇਗਾ ਦਾ ਕੰਮ ਘੱਟ ਹੈ, ਉਥੇ ਰਜਵਾਹਿਆਂ ਜਾ ਸੜਕਾਂ 'ਤੇ ਬੂਟੇ ਲਗਾਉਣ ਸਮੇਤ ਹੋਰ ਸਾਧਨ ਰਾਹੀਂ ਕੰਮ ਪੈਦਾ ਕੀਤਾ ਜਾ ਸਕਦਾ ਹੈ। ਇਸ ਮੌਕੇ ਐਡਵੋਕੇਟ ਰਾਹੁਲ ਸੈਣੀ, ਕਰਨਲ ਜੇ.ਵੀ. ਸਿੰਘ, ਚੇਅਰਮੈਨ ਪ੍ਰਿੰਸੀਪਲ ਜੇ.ਪੀ. ਸਿੰਘ, ਬੀ.ਡੀ.ਪੀ.ਓ. ਬਲਜੀਤ ਸਿੰਘ ਸੋਹੀ, ਜੈ ਸ਼ੰਕਰ ਸ਼ਰਮਾ, ਹਰਪਾਲ ਸਿੰਘ ਵਿਰਕ, ਸਤਗੁਰ ਸਿੰਘ, ਡੀ.ਸੀ. ਖਰੌਡ, ਡਾ. ਹੇਮ ਰਾਜ, ਸੰਦੀਪ ਬਹਿਲ ਅਤੇ ਪਤਵੰਤੇ ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀਆਂ ਸਮੇਤ ਪਿੰਡਾਂ ਦੇ ਵਸਨੀਕ ਮੌਜੂਦ ਸਨ।

ਪੰਜਾਬ ਸਰਕਾਰ ਮੋਹਾਲੀ ਵਿੱਚ ਅਤਿ-ਆਧੁਨਿਕ ਵਰਕਿੰਗ ਵੂਮੈਨ ਹੋਸਟਲ ਬਣਾਵੇਗੀ: ਡਾ ਬਲਜੀਤ ਕੌਰ

ਚੰਡੀਗੜ੍ਹ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਜਿਥੇ ਹੋਰ ਵਰਗਾਂ ਦੀ ਭਲਾਈ ਲਈ ਦਿਨ ਰਾਤ ਕੰਮ ਕਰ ਰਹੀ ਹੈ, ਉਥੇ ਹੀ ਮਹਿਲਾਵਾਂ ਦੀ ਭਲਾਈ ਲਈ ਵੀ ਲਗਾਤਾਰ ਕੋਸ਼ਿਸ਼ਾਂ ਜਾਰੀ ਹਨ।

ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ ਬਲਜੀਤ ਕੌਰ ਨੇ ਇੱਕ ਪ੍ਰੈਸ ਰਿਲੀਜ਼ ਰਾਹੀਂ ਦੱਸਿਆ ਕਿ ਪੰਜਾਬ ਸਰਕਾਰ ਰਾਜ ਭਰ ਦੀਆਂ ਕੰਮਕਾਜੀ ਔਰਤਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕਰਦੇ ਹੋਏ ਮੁਹਾਲੀ ਵਿੱਚ ਇੱਕ ਆਧੁਨਿਕ ਵਰਕਿੰਗ ਵੂਮੈਨ ਹੋਸਟਲ ਦੀ ਉਸਾਰੀ ਸ਼ੁਰੂ ਕਰਨ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀ ਰੁਜ਼ਗਾਰ ਦੇ ਮੌਕਿਆਂ ਦੀ ਭਾਲ ਵਿੱਚ ਮੋਹਾਲੀ ਅਤੇ ਚੰਡੀਗੜ੍ਹ ਆਉਣ ਵਾਲੀਆਂ ਔਰਤਾਂ ਨੂੰ ਕਿਫਾਇਤੀ ਅਤੇ ਸੁਰੱਖਿਅਤ ਰਿਹਾਇਸ਼ ਪ੍ਰਦਾਨ ਕਰੇਗੀ।

ਡਾ ਬਲਜੀਤ ਕੌਰ ਨੇ ਅੱਗੇ ਕਿਹਾ

ਕਿ ਹੋਸਟਲ ਮੁਹਾਲੀ ਦੇ ਸੈਕਟਰ 79 ਵਿੱਚ ਸਥਿਤ 0.98 ਏਕੜ ਪਲਾਟ ਵਿੱਚ ਬਣਾਇਆ ਜਾਵੇਗਾ। ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ, ਪੰਜਾਬ ਨੇ ਸਫਲਤਾਪੂਰਵਕ ਨਿਰਭਯਾ ਫੰਡ ਦੇ ਤਹਿਤ 12.57 ਕਰੋੜ ਰੁਪਏ ਪ੍ਰਾਪਤ ਕੀਤੇ ਹਨ। ਇਸ ਪ੍ਰਸਤਾਵ ਨੂੰ ਪਹਿਲਾਂ ਹੀ ਯੋਜਨਾ ਦੇ ਤਹਿਤ ਸਥਾਪਿਤ ਅਧਿਕਾਰਤ ਕਮੇਟੀ

ਸੰਪਾਦਕੀ

ਆਰਥਿਕ ਸੰਕਟ ਤੋਂ ਸ੍ਰੀਲੰਕਾ ਦਾ ਫ਼ਤਵਾ

ਸ੍ਰੀਲੰਕਾ 'ਚ ਆਰਥਿਕ ਸੰਕਟ ਕਾਰਨ ਹੋਈ ਬਗ਼ਾਵਤ ਤੋਂ ਦੋ ਸਾਲ ਬਾਅਦ ਮਾਰਕਸਵਾਦੀ ਵਿਚਾਰਧਾਰਾ ਵਾਲੇ ਅਨੂਰਾ ਕੁਮਾਰ ਦੀਸਨਾਇਕੇ ਨੇ ਰਾਸ਼ਟਰਪਤੀ ਚੋਣਾਂ ਵਿੱਚ ਸਜਿਤ ਪ੍ਰੇਮਦਾਸਾ ਨੂੰ ਮਾਤ ਦੇ ਦਿੱਤੀ ਹੈ। ਮੌਜੂਦਾ ਰਾਸ਼ਟਰਪਤੀ ਤੇ ਛੇ ਵਾਰ ਪ੍ਰਧਾਨ ਮੰਤਰੀ ਰਹੇ ਰਨਿਲ ਵਿਕਰਮਸਿੰਘੇ ਤੀਜੇ ਸਥਾਨ 'ਤੇ ਖਿਸਕ ਗਏ ਹਨ। ਇਨ੍ਹਾਂ ਚੋਣਾਂ ਨੇ ਸਾਫ਼ ਕੀਤਾ ਹੈ ਕਿ ਵੋਟਰ ਸੰਕਟ 'ਚ ਘਿਰੇ ਇਸ ਮੁਲਕ ਵਿੱਚ ਇੱਕ ਨਵੀਂ ਸ਼ੁਰੂਆਤ ਦੀ ਹਾਮੀ ਭਰ ਰਹੇ ਹਨ। ਨੈਸ਼ਨਲ ਪੀਪਲਜ਼ ਪਾਵਰ (ਐੱਨਪੀਪੀ) ਗੱਠਜੋੜ ਦੇ ਉਮੀਦਵਾਰ ਦੀਸਨਾਇਕੇ ਨੇ ਇਹ ਜਿੱਤ ਆਪਣੇ ਭ੍ਰਿਸ਼ਟਾਚਾਰ ਵਿਰੋਧੀ ਅਤੇ ਗ਼ਰੀਬ-ਪੱਖੀ ਏਜੰਡੇ ਦੇ ਸਿਰ ਉੱਤੇ ਹਾਸਿਲ ਕੀਤੀ ਹੈ। ਟੈਕਸ 'ਚ ਕਟੌਤੀ ਦੇ ਉਸ ਦੇ ਵਾਅਦੇ ਨੂੰ ਲੋਕਾਂ ਨੇ ਪਸੰਦ ਕੀਤਾ ਹੈ ਕਿਉਂਕਿ ਉਹ ਪਹਿਲਾਂ ਹੀ ਗ਼ਰੀਬੀ ਦੀ ਮਾਰ ਝੱਲ ਰਹੇ ਹਨ ਅਤੇ ਮਹਿੰਗਾਈ ਨੇ ਉਨ੍ਹਾਂ ਦਾ ਲੱਕ ਤੋੜ ਦਿੱਤਾ ਹੈ।

ਲੰਕਾ ਦੀ ਸਰਕਾਰ ਵਿਰੁੱਧ ਦੋ ਹਥਿਆਰਬੰਦ ਬਗ਼ਾਵਤਾਂ (1971 ਅਤੇ 1987-89) ਵਿੱਚ ਸ਼ਾਮਿਲ ਰਹੇ ਦੀਸਨਾਇਕੇ ਦੀ ਜਨਤਾ ਵਿਮੁਕਤੀ ਪੇਰਾਮੁਨਾ (ਜੇਵੀਪੀ) ਹਾਲ ਦੇ ਦਹਾਕਿਆਂ ਵਿੱਚ ਮੁੱਖਧਾਰਾ ਦੀ ਸਿਆਸਤ ਵਿੱਚ ਸਰਗਰਮ ਰਹੀ ਹੈ। ਇਹ ਦੇਖਣ ਵਾਲਾ ਹੋਵੇਗਾ ਕਿ ਕੀ ਐੱਨਪੀਪੀ ਦੀਸਨਾਇਕੇ ਤੇ ਉਸ ਦੀ ਪਾਰਟੀ ਨੂੰ ਆਰਥਿਕ ਮੋਰਚੇ ਉੱਤੇ ਕੁਝ ਇਨਕਲਾਬੀ ਕਰਨ ਦੀ ਆਜ਼ਾਦੀ ਦਿੰਦੀ ਹੈ ਜਾਂ ਨਹੀਂ। ਕੌਮਾਂਤਰੀ ਮੁਦਰਾ ਫੰਡ ਨਾਲ ਹੋਏ ਸੌਦੇ ਨੇ ਸ੍ਰੀਲੰਕਾ ਦੇ ਅਰਥਚਾਰੇ ਨੂੰ ਆਰਜ਼ੀ ਤੌਰ 'ਤੇ ਕੁਝ ਸਾਹ ਦਿਵਾਇਆ ਹੈ। ਮਹਿੰਗਾਈ 70 ਪ੍ਰਤੀਸ਼ਤ ਦੇ ਚਿੰਤਾਜਨਕ ਪੱਧਰ ਤੋਂ ਡਿੱਗ ਕੇ 0.5 ਪ੍ਰਤੀਸ਼ਤ ਉੱਤੇ ਆਈ ਹੈ। ਦੀਸਨਾਇਕੇ ਅੱਗੇ ਜਿਹੜੀਆਂ ਪ੍ਰਮੁੱਖ ਚੁਣੌਤੀਆਂ ਹਨ, ਉਨ੍ਹਾਂ ਵਿੱਚ ਮੁਲਕ ਨੂੰ ਕਰਜ਼ਾ ਮੋੜਨ ਦੇ ਸਮਰੱਥ ਬਣਾਉਣਾ ਨਿਵੇਸ਼ਕਾਂ ਦਾ ਭਰੋਸਾ ਮੁੜ ਜਿੱਤਣਾ ਅਤੇ ਆਪਣੀ ਆਬਾਦੀ ਦੇ ਚੌਥੇ ਹਿੱਸੇ ਨੂੰ ਗ਼ਰੀਬੀ ਵਿੱਚੋਂ ਕੱਢਣਾ ਸ਼ਾਮਿਲ ਹੈ। ਉਹ ਉਨ੍ਹਾਂ ਲੋਕਾਂ ਦੀਆਂ ਉਮੀਦਾਂ ਬਿਲਕੁਲ ਨਹੀਂ ਤੋੜ ਸਕਦੇ ਜਿਨ੍ਹਾਂ ਦੇ ਗੁੱਸੇ ਤੇ ਬਗ਼ਾਵਤ ਨੇ 2022 ਦੇ ਰੋਸ ਮੁਜ਼ਾਹਰਿਆਂ ਨੂੰ ਜਨਮ ਦਿੱਤਾ ਸੀ ਅਤੇ ਇਹੀ ਮੁਜ਼ਾਹਰੇ ਤਤਕਾਲੀ ਰਾਸ਼ਟਰਪਤੀ ਗੋਟਬਾਯਾ ਰਾਜਪਕਸਾ ਦੇ ਸੱਤਾ ਤੋਂ ਲਾਂਭੇ ਹੋਣ ਦਾ ਕਾਰਨ ਬਣੇ ਸਨ। ਉਸ ਵੇਲੇ ਖ਼ੁਰਾਕ ਤੇ ਈਂਧਨ ਦੀ ਹੋਈ ਕਮੀ ਦੇ ਬੁਰੇ ਦ੍ਰਿਸ਼ ਅੱਜ ਵੀ ਲੋਕਾਂ ਦੇ ਮਨਾਂ ਵਿੱਚ ਤਾਜ਼ਾ ਹਨ।

ਮੋਦੀ ਸਰਕਾਰ ਨੇ ਫਰਵਰੀ ਵਿੱਚ ਦੀਸਨਾਇਕੇ ਨੂੰ ਭਾਰਤ ਸੱਦ ਕੇ ਚੰਗਾ ਦਾਅ ਖੇਡਿਆ ਸੀ। ਹਾਲਾਂਕਿ ਕਿਸੇ ਵੇਲੇ ਜੇਵੀਪੀ ਦਾ ਰੁਖ਼ ਭਾਰਤ ਵਿਰੋਧੀ ਰਿਹਾ ਹੈ। ਮਾਲਦੀਵ ਦੇ ਚੀਨ-ਪੱਖੀ ਰਾਸ਼ਟਰਪਤੀ ਮੁਇਜ਼ੂ ਨੂੰ ਆਪਣੇ ਪੱਖ ਵਿੱਚ ਕਰਨ ਦੀ ਕੂਟਨੀਤਕ ਸਫ਼ਲਤਾ ਦੇ ਮੱਦੇਨਜ਼ਰ ਲੱਗਦਾ ਹੈ ਕਿ ਦਿੱਲੀ ਦੀਸਨਾਇਕੇ ਨੂੰ ਵੀ ਆਪਣੇ ਵੱਲ ਕਰ ਲਏਗੀ, ਜੇਕਰ ਉਹ ਪੇਈਚਿੰਗ ਦੇ ਨੇੜੇ ਹੋਣ ਦੀ ਕੋਸ਼ਿਸ਼ ਕਰਦੇ ਹਨ। ਨਵੇਂ ਰਾਸ਼ਟਰਪਤੀ ਨੂੰ ਚਾਹੀਦਾ ਹੈ ਕਿ ਉਹ ਆਪਣੇ ਮੁਲਕ ਨੂੰ ਭੂਗੋਲਿਕ ਤੇ ਵਿੱਤੀ ਤੌਰ 'ਤੇ ਚੰਗੀ ਸਥਿਤੀ ਵਿਚ ਲਿਆਉਣ ਲਈ ਸੰਤੁਲਿਤ ਕਾਰਵਾਈ ਕਰੇ।

ਹਿਮਾਚਲ 'ਚ ਵੱਡੇ ਉਦਯੋਗਾਂ ਦੀ ਸਬਸਿਡੀ ਖ਼ਤਮ ਸਰਕਾਰ ਦਾ ਦਲੇਰਾਨਾ ਕਦਮ

ਵੱਡੇ ਉਦਯੋਗਾਂ ਦੀ ਬਿਜਲੀ ਸਬਸਿਡੀ ਖ਼ਤਮ ਕਰ ਕੇ ਹਿਮਾਚਲ ਪ੍ਰਦੇਸ਼ ਨੇ ਦਲੇਰਾਨਾ ਕਦਮ ਚੁੱਕਿਆ ਹੈ। ਇਸ ਕਦਮ ਨਾਲ ਸੂਬਾ ਸਰਕਾਰ ਸਾਲਾਨਾ 700 ਕਰੋੜ ਰੁਪਏ ਬਚਾਉਣ ਬਾਰੇ ਸੋਚ ਰਹੀ ਹੈ। ਆਰਥਿਕ ਤੰਗੀ ਨਾਲ ਜੂਝ ਰਿਹਾ ਸੂਬਾ ਇਸ ਫ਼ੈਸਲੇ ਨਾਲ ਵਿੱਤੀ ਅਨੁਸ਼ਾਸਨ ਵੱਲ ਮੁੜਿਆ ਹੈ, ਜੋ ਕਿ ਲੋੜੀਂਦਾ ਤੇ ਅਤਿ-ਮਹੱਤਵਪੂਰਨ ਸੀ। ਹਾਲਾਂਕਿ ਇਸ ਕਦਮ ਤੋਂ ਰਾਜ ਦੇ ਉਦਯੋਗਾਂ ਉੱਤੇ ਪੈਣ ਵਾਲੇ ਅਸਰਾਂ ਬਾਰੇ ਵੀ ਸਵਾਲ ਉੱਠੇ ਹਨ, ਜਿਨ੍ਹਾਂ ਨੂੰ ਗੁਆਂਢੀ ਰਾਜਾਂ ਦੇ ਮੁਕਾਬਲੇ ਲੰਮੇ ਸਮੇਂ ਤੱਕ ਘੱਟ ਦਰਾਂ ਉੱਤੇ ਬਿਜਲੀ ਪ੍ਰਾਪਤ ਕਰਨ ਦਾ ਲਾਭ ਮਿਲਿਆ ਹੈ। ਰਾਜ ਸਰਕਾਰ ਦਾ ਇਹ ਫ਼ੈਸਲਾ ਵਿਹਾਰਕ ਹੈ। ਉਦਯੋਗਿਕ ਖੇਤਰ ਨੂੰ ਹਾਲਾਂਕਿ ਫਿਰ ਵੀ ਬਿਜਲੀ ਡਿਊਟੀ 'ਚ ਛੋਟ ਦਾ ਲਾਭ ਮਿਲਦਾ ਰਹੇਗਾ, ਜਿਸ ਦੀ ਦਰ 2.5 ਪ੍ਰਤੀਸ਼ਤ ਤੋਂ ਲੈ ਕੇ 9 ਪ੍ਰਤੀਸ਼ਤ ਤੱਕ ਹੈ। ਇਸ ਨਾਲ ਸੀਮਿੰਟ, ਸਟੋਨ ਕਰੱਸ਼ਿੰਗ ਤੇ ਹੋਰਨਾਂ ਖੇਤਰਾਂ ਨੂੰ ਲੱਗਣ ਵਾਲਾ ਝਟਕਾ ਕੁਝ ਹੱਦ ਤੱਕ ਘੱਟ ਜਾਵੇਗਾ। ਇਸ ਤੋਂ ਇਲਾਵਾ ਹਿਮਾਚਲ ਦੀਆਂ ਬਿਜਲੀ ਦਰਾਂ ਹਾਲੇ ਵੀ ਪੰਜਾਬ, ਹਰਿਆਣਾ ਤੇ ਉੱਤਰਾਖੰਡ ਵਰਗੇ ਸੂਬਿਆਂ ਤੋਂ ਘੱਟ ਹੀ ਹਨ, ਜਿਸ ਨਾਲ ਸੂਬੇ ਦਾ ਉਦਯੋਗਿਕ ਨਿਵੇਸ਼ ਖਿੱਚਣ ਵਿੱਚ ਹੱਥ ਅਜੇ ਵੀ ਉੱਚਾ ਹੀ ਰਹੇਗਾ।

ਤਿੰਨ ਸੌ ਯੂਨਿਟਾਂ ਤੋਂ ਉੱਤੇ ਬਿਜਲੀ ਵਰਤਣ ਵਾਲੇ ਘਰੇਲੂ ਖ਼ਪਤਕਾਰਾਂ ਤੋਂ 125 ਯੂਨਿਟਾਂ ਦੀ ਸਬਸਿਡੀ ਵਾਪਸ ਲੈਣ ਦਾ ਫ਼ੈਸਲਾ ਵੀ ਸਰਕਾਰ ਨੇ ਆਪਣਾ ਲੇਖਾ-ਜੋਖਾ ਸਹੀ ਰੱਖਣ ਲਈ ਲਿਆ ਹੈ। ਇਸ ਕਟੌਤੀ ਦੀ ਚੋਭ ਮੱਧਵਰਗੀ ਪਰਿਵਾਰਾਂ ਨੂੰ ਬਿਜਲੀ ਬਚਾਉਣ ਵੱਲ ਤੋਰੇਗੀ ਤਾਂ ਕਿ ਉਹ ਉੱਚੀਆਂ ਬਿਜਲੀ ਕੀਮਤਾਂ ਦੇ ਝਟਕੇ ਨੂੰ ਬਰਦਾਸ਼ਤ ਕਰ ਸਕਣ। ਬਿਜਲੀ ਦੀ ਖ਼ਪਤ ਜ਼ਿੰਮੇਵਾਰਾਨਾ ਢੰਗ ਨਾਲ ਕਰਨ ਬਾਰੇ ਪ੍ਰਚਾਰ ਮੁਹਿੰਮ ਚਲਾ ਕੇ ਸਰਕਾਰ ਚੰਗਾ ਉੱਦਮ ਕਰ ਸਕਦੀ ਹੈ ਤੇ ਲੋਕਾਂ ਦੇ ਬਿਜਲੀ ਬਿੱਲ ਘਟਾਉਣ ਵਿੱਚ ਮਦਦ ਕਰ ਸਕਦੀ ਹੈ। ਦੂਜੇ ਪਾਸੇ ਘੱਟ ਖ਼ਪਤ ਵਾਲੇ ਪਰਿਵਾਰਾਂ ਲਈ ਸਬਸਿਡੀਆਂ ਉਹੀ ਰੱਖੀਆਂ ਗਈਆਂ ਹਨ ਤਾਂ ਕਿ ਸਮਾਜ ਦੇ ਸਭ ਤੋਂ ਕਮਜ਼ੋਰ ਵਰਗਾਂ ਨੂੰ ਵਧੀਆਂ ਕੀਮਤਾਂ ਦੀ ਮਾਰ ਤੋਂ ਬਚਾਇਆ ਜਾ ਸਕੇ।

ਮਾਲੀਆ ਪੈਦਾ ਕਰਨ ਲਈ ਸੈਰ-ਸਪਾਟੇ, ਖਣਨ ਤੇ ਬਿਜਲੀ ਉਤਪਾਦਨ 'ਤੇ ਹਿਮਾਚਲ ਦੀ ਨਿਰਭਰਤਾ ਦੇ ਕਈ ਫ਼ਾਇਦੇ-ਨੁਕਸਾਨ ਹਨ। ਭਾਵੇਂ ਇਹ ਖੇਤਰ ਰਾਜ ਦੇ ਅਰਥਚਾਰੇ ਲਈ ਅਹਿਮ ਹਨ, ਪਰ ਨਾਲ ਹੀ ਟਿਕਾਊ ਤੇ ਸੰਤੁਲਿਤ ਵਿਕਾਸ ਵੀ ਜ਼ਰੂਰੀ ਹੈ। ਸਰਕਾਰ ਨੂੰ ਹੁਣ ਧਿਆਨ ਨਾਲ ਅੱਗੇ ਵਧਣਾ ਪਏਗਾ ਤੇ ਇਹ ਖਿਆਲ ਰੱਖਣਾ ਪਏਗਾ ਕਿ ਵਿੱਤੀ ਬੱਚਤ ਕਰਦਿਆਂ ਕਿਤੇ ਸਨਅਤੀ ਵਿਕਾਸ ਤੇ ਲੋਕ ਭਲਾਈ ਦਾਅ ਉੱਤੇ ਨਾ ਲੱਗ ਜਾਵੇ। ਜੇ ਉਦਯੋਗਾਂ ਨੇ ਕਿਤੇ ਹੋਰ ਜਾਣ ਦਾ ਰਾਹ ਚੁਣ ਲਿਆ ਤਾਂ ਇਸ ਦਾ ਲੰਮੇ ਸਮੇਂ ਲਈ ਵੱਡਾ ਆਰਥਿਕ ਨੁਕਸਾਨ ਹੋ ਸਕਦਾ ਹੈ। ਉਦਯੋਗਿਕ ਨਿਵੇਸ਼ ਦਾ ਰਾਹ ਖੁੱਲ੍ਹਾ ਰੱਖਣ ਲਈ ਤੇ ਰੁਜ਼ਗਾਰ ਨੂੰ ਬਚਾਉਣ ਲਈ ਹੋਰ ਕਦਮ ਚੁੱਕਣੇ ਪੈਣਗੇ ਤਾਂ ਜੋ ਹਿਮਾਚਲ ਪ੍ਰਦੇਸ਼ ਦੀ ਵਿੱਤੀ ਸਥਿਰਤਾ ਬਣੀ ਰਹੇ।

-ਪੀਤਾਂਬਰ ਸ਼ਰਮਾ

ਕਿਸਾਨ ਪਰਾਲੀ ਦੀ ਸੁਚੱਜੀ ਸੰਭਾਲ ਕਰਕੇ ਵਾਤਾਵਰਨ ਨੂੰ ਬਚਾਉਣ : ਡੀ.ਸੀ.

ਧੂਰੀ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਜ਼ਿਲ੍ਹਾ ਸੰਗਰੂਰ ਦੇ ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ (ਆਈ.ਏ.ਐਸ.) ਨੇ ਜੀਰੇ ਦੀ ਫ਼ਸਲ ਨੂੰ ਦੇਖਦਿਆਂ ਪ੍ਰੈੱਸ ਰਾਹੀਂ ਕਿਸਾਨਾਂ ਨੂੰ ਅਪੀਲ ਕੀਤੀ। ਉਨ੍ਹਾਂ ਆਪਣੇ ਸੰਦੇਸ਼ ਵਿੱਚ ਸੰਗਰੂਰ ਜ਼ਿਲ੍ਹੇ ਦੇ ਕਿਸਾਨਾਂ ਨੂੰ ਪਰਾਲੀ ਦੀ ਸੁਚੱਜੀ ਸੰਭਾਲ ਕਰਕੇ ਵਾਤਾਵਰਨ ਨੂੰ ਬਚਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਸ ਵਾਰ ਬਹਾਦਰ ਕਿਸਾਨ ਆਪਣੇ ਖੇਤਾਂ ਵਿੱਚ ਪਰਾਲੀ ਨਾ ਸਾੜਨ। ਸਰਕਾਰ ਖੇਤਾਂ ਦੀ ਪਰਾਲੀ ਨੂੰ ਸੰਭਾਲਣ ਲਈ ਮਸ਼ੀਨਰੀ 'ਤੇ ਸਬਸਿਡੀ ਦੇ ਰਹੀ ਹੈ, ਜਿਸ ਦੀ ਮਦਦ ਨਾਲ ਅਸੀਂ ਆਪਣੀ ਪਰਾਲੀ ਨੂੰ ਸੰਭਾਲ ਸਕਦੇ ਹਾਂ। ਜੇਕਰ ਅਸੀਂ ਉਸ ਪਰਾਲੀ ਨੂੰ ਸਾੜਦੇ ਹਾਂ ਤਾਂ ਇਸ ਦਾ ਪ੍ਰਦੂਸ਼ਣ ਵਾਤਾਵਰਨ ਨੂੰ ਖਰਾਬ ਕਰਦਾ ਹੈ ਅਤੇ ਉਸ ਅੱਗ ਤੋਂ ਨਿਕਲਣ ਵਾਲੇ ਧੂੰਏਂ ਨਾਲ ਸੜਕਾਂ 'ਤੇ ਹਾਦਸਿਆਂ ਦੀ ਸੰਭਾਵਨਾ ਵਧ ਜਾਂਦੀ ਹੈ। ਇਸ ਲਈ ਅਸੀਂ ਬਹਾਦਰ ਕਿਸਾਨਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਆਪਣੀ ਪਰਾਲੀ ਨੂੰ ਅੱਗ ਨਾ ਲਗਾਉਣ।

ਪੰਜਾਬ ਪੁਲਿਸ ਨੇ ਕੇਂਦਰੀ ਏਜੰਸੀ ਨਾਲ ਸਾਂਝੇ ਅਪ੍ਰੇਸ਼ਨ ਵਿੱਚ ਨਸ਼ਾ ਤਸਕਰੀ ਸਿੰਡੀਕੇਟ ਦਾ ਕੀਤਾ ਪਰਦਾਫਾਸ਼; 10 ਵਿਅਕਤੀ ਗ੍ਰਿਫ਼ਤਾਰ

➢ ਪੁਲਿਸ ਟੀਮਾਂ ਨੇ ਇਨ੍ਹਾਂ ਦੇ ਕਬਜ਼ੇ 'ਚੋਂ 1-ਕਿਲੋ ਹੈਰੋਇਨ, 381 ਗ੍ਰਾਮ ਚਰਸ, ਤਿੰਨ ਪਿਸਤੌਲ, 48.7 ਲੱਖ ਰੁਪਏ ਦੀ ਡਰੱਗ ਮਨੀ ਅਤੇ ਸੋਨਾ ਕੀਤਾ ਬਰਾਮਦ ➢ ਹਵਾਲਾ ਰੂਟ ਰਾਹੀਂ ਪਾਕਿ-ਅਧਾਰਤ ਨਸ਼ਾ ਤਸਕਰਾਂ ਨੂੰ ਪੈਸੇ ਭੇਜਦੇ ਸਨ ਦੋਸ਼ੀ ਵਿਅਕਤੀ: ਡੀਜੀਪੀ ਗੌਰਵ ਯਾਦਵ

ਚੰਡੀਗੜ੍ਹ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਨਸ਼ਿਆਂ ਵਿਰੁੱਧ ਵਿੱਢੀ ਜੰਗ ਤਹਿਤ ਵੱਡੀ ਕਾਮਯਾਬੀ ਹਾਸਲ ਕਰਦਿਆਂ ਪੰਜਾਬ ਪੁਲਿਸ ਦੀ ਐਂਟੀ ਨਾਰਕੋਟਿਕ ਟਾਸਕ ਫੋਰਸ (ਏ.ਐਨ.ਟੀ.ਐਫ.) ਨੇ ਕੇਂਦਰੀ ਏਜੰਸੀ ਨਾਲ ਸਾਂਝੇ ਆਪ੍ਰੇਸ਼ਨ ਦੌਰਾਨ ਨਸ਼ਾ ਤਸਕਰੀ ਦੇ ਇੱਕ ਵੱਡੇ ਸਿੰਡੀਕੇਟ ਦਾ ਪਰਦਾਫਾਸ਼ ਕਰਦਿਆਂ 10 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਇਹ ਜਾਣਕਾਰੀ ਦਿੰਦਿਆਂ ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਗੌਰਵ ਯਾਦਵ ਨੇ ਸ਼ਨੀਵਾਰ ਨੂੰ ਇੱਥੇ ਦੱਸਿਆ ਕਿ ਫੜੇ ਗਏ ਵਿਅਕਤੀਆਂ ਦੀ ਪਛਾਣ ਚੰਦਨ ਸ਼ਰਮਾ, ਆਕਾਸ਼ ਸ਼ਰਮਾ, ਵਿਸ਼ਾਲ ਸਿੰਘ, ਅਰਵਿੰਦਰ ਸਿੰਘ, ਲਵਪ੍ਰੀਤ ਸਿੰਘ, ਰਿੰਕੂ ਥਾਪਰ, ਭਰਤ, ਦਿਵਯਮ, ਪ੍ਰਥਮ ਅਤੇ ਅੰਕੁਸ਼ ਭੱਟੀ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਇਨ੍ਹਾਂ ਦੇ ਕਬਜ਼ੇ 'ਚੋਂ 1 ਕਿਲੋ ਹੈਰੋਇਨ, 381 ਗ੍ਰਾਮ ਚਰਸ, ਤਿੰਨ ਪਿਸਤੌਲ ਜਿਨ੍ਹਾਂ ਚੋ ਇੱਕ ਆਧੁਨਿਕ ਗਲੋਕ ਪਿਸਤੌਲ ਸਮੇਤ 62 ਜਿੰਦਾ ਕਾਰਤੂਸ ਅਤੇ ਦੋ ਖਾਲੀ ਖੋਲ, 48.7 ਲੱਖ ਰੁਪਏ ਦੀ ਡਰੱਗ ਮਨੀ, 262 ਗ੍ਰਾਮ ਸੋਨਾ ਅਤੇ ਇਲੈਕਟਰਾਨਿਕ ਉਪਕਰਣ ਵੀ ਬਰਾਮਦ ਕੀਤੇ ਹਨ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁਲਜ਼ਮ ਨਸ਼ੇ ਦਾ ਨੈੱਟਵਰਕ ਚਲਾ ਰਹੇ ਸਨ ਅਤੇ ਜਲੰਧਰ, ਅੰਮ੍ਰਿਤਸਰ ਅਤੇ ਲੁਧਿਆਣਾ ਵਿੱਚ ਸਰਗਰਮ ਸਨ। ਜਾਂਚ ਤੋਂ ਪਤਾ ਲੱਗਾ ਹੈ ਕਿ ਸਰਹੱਦ ਪਾਰ ਤੋਂ ਨਸ਼ਿਆਂ ਦੀ ਤਸਕਰੀ ਕਰਨ ਤੋਂ ਬਾਅਦ ਦੋਸ਼ੀ ਵਿਅਕਤੀ ਹਵਾਲਾ

ਰੂਟ ਰਾਹੀਂ ਪਾਕਿਸਤਾਨ ਸਥਿਤ ਨਸ਼ਾ ਤਸਕਰਾਂ ਨੂੰ ਪੈਸੇ ਭੇਜਦੇ ਸਨ।

ਉਨ੍ਹਾਂ ਦੱਸਿਆ ਕਿ ਇਹਨਾਂ ਜਾਂਚ ਕਾਰਵਾਈਆਂ ਨੂੰ ਭਰੋਸੇਯੋਗ ਸੂਤਰਾਂ ਤੋਂ ਪ੍ਰਾਪਤ ਖ਼ੁਫ਼ੀਆ ਅਤੇ ਤਕਨੀਕੀ ਜਾਣਕਾਰੀ ਦੇ ਆਧਾਰ 'ਤੇ ਬਹੁਤ ਹੀ ਸੁਚੱਜੇ ਢੰਗ ਨਾਲ ਅੰਜਾਮ ਦਿੱਤਾ ਗਿਆ ਹੈ, ਜੋ ਕਿ ਅਪਰਾਧਿਕ ਨੈਟਵਰਕਾਂ ਨਾਲ ਨਜਿੱਠਣ ਲਈ ਏ.ਐਨ.ਟੀ.ਐਫ. ਦੀ ਰਣਨੀਤਕ ਪਹੁੰਚ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਇਸ ਬਾਬਤ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਜਾਰੀ ਹੈ, ਜਿਸ ਦੌਰਾਨ ਹੋਰ ਗ੍ਰਿਫ਼ਤਾਰੀਆਂ ਹੋਣ ਦੀ ਉਮੀਦ ਹੈ।

ਹੋਰ ਵੇਰਵੇ ਸਾਂਝੇ ਕਰਦਿਆਂ ਸਪੈਸ਼ਲ ਡੀਜੀਪੀ ਏਐਨਟੀਐਫ ਕੁਲਦੀਪ ਸਿੰਘ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਮੁਲਜ਼ਮ ਲਵਪ੍ਰੀਤ ਸਿੰਘ, ਜੋ ਕਿ ਅੰਮ੍ਰਿਤਸਰ ਦਾ ਰਹਿਣ ਵਾਲਾ ਹੈ, ਇਸ ਸਿੰਡੀਕੇਟ ਦੇ ਸਮੁੱਚੇ ਡਰੱਗ ਨੈਟਵਰਕ ਦਾ ਕੰਮ ਦੇਖ ਰਿਹਾ ਸੀ ਅਤੇ ਆਪਣੇ ਸੰਪਰਕਾਂ ਦੇ ਵਿਸ਼ਾਲ ਨੈਟਵਰਕ ਦੀ ਵਰਤੋਂ ਕਰਕੇ ਸੂਬੇ ਭਰ ਵਿੱਚ ਹਥਿਆਰਾਂ ਅਤੇ ਨਸ਼ਿਆਂ ਦੀ ਤਸਕਰੀ ਕਰਦਾ ਸੀ।

ਪੁਲਿਸ ਟੀਮਾਂ ਨੂੰ ਮੁਲਜ਼ਮ ਲਵਪ੍ਰੀਤ ਦੇ ਘਰ ਇੱਕ ਛੁਪਣਗਾਹ ਵਜੋਂ ਇੱਕ ਲੁਕਵੀਂ ਅਲਮਾਰੀ ਵੀ ਮਿਲੀ ਹੈ, ਜਿੱਥੇ ਉਹ ਨਸ਼ਿਆਂ ਅਤੇ ਹਵਾਲਾ ਮਨੀ ਨੂੰ ਲੁਕਾ ਕੇ ਰੱਖਣ ਤੋਂ ਇਲਾਵਾ ਆਪਣੇ ਲਈ ਸੁਰੱਖਿਅਤ ਪਨਾਹ ਵਜੋਂ ਵੀ ਵਰਤਦਾ ਸੀ।

ਇਸ ਸਬੰਧੀ ਪੁਲਿਸ ਥਾਣਾ ਏ.ਐਨ.ਟੀ.ਐਫ, ਐਸ.ਏ.ਐਸ.ਨਗਰ ਵਿਖੇ ਐਨ.ਡੀ.ਪੀ.ਐਸ ਐਕਟ ਦੀ ਧਾਰਾ 20 ਅਤੇ 21(ਸੀ) ਅਤੇ ਅਸਲਾ ਐਕਟ ਦੀ ਧਾਰਾ 25 ਤਹਿਤ ਐਫਆਈਆਰ ਨੰ. 147 ਮਿਤੀ 20-09-2024 ਨੂੰ ਦਰਜ ਕੀਤੀ ਗਈ ਹੈ।

ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਨੇ 70 ਕਰੋੜ ਦੀ ਲਾਗਤ ਵਾਲੇ ਰੇਲਵੇ ਓਵਰ ਬ੍ਰਿਜ ਦਾ ਰੱਖਿਆ ਨੀਂਹ ਪੱਥਰ

ਕੱਕਾ ਕੰਡਿਆਲਾ ਰੇਲਵੇ ਓਵਰ ਬ੍ਰਿਜ ਬਣਨ ਨਾਲ ਹਲਕਾ ਵਾਸੀਆਂ ਨੂੰ ਟਰੈਫਿਕ ਸਮੱਸਿਆ ਤੋਂ ਮਿਲੇਗੀ ਬੜੀ ਵੱਡੀ ਰਾਹਤ : ਵਿਧਾਇਕ ਸੋਹਲ

ਚੰਡੀਗੜ੍ਹ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਅੰਮ੍ਰਿਤਸਰ ਤੋਂ ਤਰਨ ਤਾਰਨ ਪੁਰਾਣੀ ਰੋਡ 'ਤੇ ਵੱਧ ਰਹੀ ਟਰੈਫਿਕ ਸਮੱਸਿਆ ਦੇ ਮੱਦੇਨਜ਼ਰ ਲੋਕਾਂ ਦੀ ਮੰਗ ਨੂੰ ਮੁੱਖ ਰੱਖਦਿਆਂ ਪੰਜਾਬ ਦੇ ਲੋਕ ਨਿਰਮਾਣ ਅਤੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਵੱਲੋਂ ਅੱਜ ਇਥੇ ਵਿਧਾਇਕ ਡਾ ਕਸ਼ਮੀਰ ਸਿੰਘ ਸੋਹਲ ਦੀ ਹਾਜਰੀ ਵਿੱਚ ਏ-25 ਰੇਲਵੇ ਲਾਈਨ (ਕੱਕਾ ਕੰਡਿਆਲਾ ਰੇਲਵੇ ਲਾਈਨ) 'ਤੇ ਚਾਰ ਮਾਰਗੀ ਓਵਰ ਬ੍ਰਿਜ ਦਾ ਨੀਹ ਪੱਥਰ ਰੱਖਿਆ ਗਿਆ।

ਇਸ ਮੌਕੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆ ਲੋਕ ਨਿਰਮਾਣ ਅਤੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਨੇ ਦੱਸਿਆ ਕਿ

ਲਾਹੌਰ ਦਾ ਭਗਤ ਸਿੰਘ ਚੌਕ ਜਾਂ ਸ਼ਾਦਮਨ ਚੌਕ ?

ਡਾ. ਮਨਜੀਤ ਸਿੰਘ ਬੱਲ

ਸਿੱਖ ਯਾਤਰੀਆਂ ਦੇ ਜਥੇ ਨਾਲ ਪਾਕਿਸਤਾਨ ਦੌਰੇ ਵੇਲੇ ਸਖ਼ਤ ਸੁਰੱਖਿਆ ਪਾਬੰਦੀਆਂ ਤੇ ਵਕਤ ਦੀ ਘਾਟ ਰੜਕਦੀ ਹੈ। ਜਥਾ ਆਮ ਕਰਕੇ ਗੁਰਦੁਆਰਾ ਸ੍ਰੀ ਪੰਜਾ ਸਾਹਿਬ (ਹਸਨ ਅਬਦਾਲ) ਤੇ ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨਾਂ ਤੋਂ ਬਾਅਦ ਵਾਪਸੀ ਵੇਲੇ ਦੋ-ਤਿੰਨ ਦਿਨ ਲਾਹੌਰ ਰੁਕਦਾ ਹੈ। ਮੇਰਾ ਫੇਸਬੁੱਕ ਦੋਸਤ ਮੁਨੀਰ ਹੁਸ਼ਿਆਰਪੁਰੀਆ ਇੱਕ ਵਿਦਵਾਨ, ਲੇਖਕ ਅਤੇ ਮੁਲਤਾਨ ਕੋਲ ਵਿਹਾਤੀ ਜ਼ਿਲ੍ਹੇ ਦੇ ਇੱਕ ਪ੍ਰਾਈਵੇਟ ਕਾਲਜ ਵਿੱਚ ਡਾਇਰੈਕਟਰ ਹੈ। ਉਸ ਨੇ ਵਕਤ ਕੱਢ ਕੇ ਸਾਨੂੰ ਆਪਣੀ ਕਾਰ 'ਚ ਬਿਠਾ ਕੇ ਲਾਹੌਰ ਦੀਆਂ ਖ਼ਾਸ-ਖ਼ਾਸ ਥਾਵਾਂ ਅਤੇ ਇਮਾਰਤਾਂ ਵਿਖਾਈਆਂ ਜਿਵੇਂ: ਪੰਜਾਬ ਅਸੈਂਬਲੀ ਬਿਲਡਿੰਗ, ਸਕੱਤਰੇਤ, ਭੰਗੀ ਤੋਪ, ਲਾਹੌਰ ਰੇਲਵੇ ਸਟੇਸ਼ਨ, ਵਾਪਡਾ (ਵਾਟਰ ਐਂਡ ਪਾਵਰ ਡਿਵੈਲਪਮੈਂਟ ਅਥਾਰਟੀ) ਬਿਲਡਿੰਗ, ਮਾਡਲ ਟਾਊਨ, ਅਲਹਮਰਾ ਆਰਟ ਸੈਂਟਰ, ਜਿਨਾਹ ਗਾਰਡਨ, ਨੀਲਾ ਗੁੰਬਦ, ਮਾਡਲ ਟਾਊਨ, ਇੱਛਰਾ, ਕਿੰਗ ਐਡਵਰਡ ਮੈਡੀਕਲ ਕਾਲਜ ਹਸਪਤਾਲ, ਸ਼ੇਖ਼ ਜ਼ਾਇਦ ਹਸਪਤਾਲ ਅਤੇ ਲਾਹੌਰ ਦਾ ਜੈਨ ਮੰਦਰ। ਮੈਂ ਕਾਰ ਰੁਕਵਾ ਕੇ ਕੁਝ ਫੋਟੋ ਖਿੱਚੀਆਂ ਤੇ ਇਨ੍ਹਾਂ ਸਥਾਨਾਂ ਬਾਰੇ ਜਾਣਕਾਰੀ ਹਾਸਲ ਕੀਤੀ। 1991 ਵਿੱਚ ਮੈਂ ਅੰਮ੍ਰਿਤਸਰ ਦੇ ਮੈਡੀਕਲ ਕਾਲਜ ਵਿੱਚ ਸਹਾਇਕ ਪ੍ਰੋਫੈਸਰ ਸਾਂ। ਇੱਕ ਪੈਥਾਲੋਜੀ ਕਾਨਫਰੰਸ 'ਚ ਆਪਣਾ ਪਰਚਾ ਪੜ੍ਹਨ ਵਾਸਤੇ ਲਾਹੌਰ ਗਿਆ ਸਾਂ ਤਾਂ ਮੈਨੂੰ ਸ਼ੇਖ਼ ਜ਼ਾਇਦ ਹਸਪਤਾਲ ਦੇ ਗੈਸਟ ਹਾਊਸ ਵਿੱਚ ਠਹਿਰਾਇਆ ਗਿਆ ਸੀ। ਅੱਜ ਇਨ੍ਹਾਂ ਥਾਵਾਂ ਦੇ ਕੋਲੋਂ ਦੀ ਲੰਘਦਿਆਂ ਐਵੇਂ ਓਪਰੀ ਜਿਹੀ ਨਜ਼ਰ ਮਾਰ ਕੇ ਵੇਖ ਸਕੇ ਤੇ ਕੁਝ ਤਸਵੀਰਾਂ ਖਿੱਚੀਆਂ।

ਇਸੇ ਦੌਰਾਨ ਸਾਨੂੰ ਸ਼ਾਦਮਨ ਚੌਕ (ਚੌਕ ਭਗਤ ਸਿੰਘ) ਜਾਣ ਦਾ ਸੰਖੇਪ ਜਿਹਾ ਮੌਕਾ ਮਿਲਿਆ। ਜਦੋਂ ਅਸੀਂ ਕਾਰ 'ਚੋਂ ਉਤਰ ਰਹੇ ਸਾਂ ਤਾਂ ਮੇਰੇ ਜ਼ਿਹਨ ਵਿੱਚ ਸ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਫਾਂਸੀ ਦਾ ਦ੍ਰਿਸ਼ ਘੁੰਮ ਰਿਹਾ ਸੀ ਪਰ ਕੋਲੋਂ ਲੰਘਦੇ ਸਾਈਕਲਾਂ, ਸਕੂਟਰਾਂ ਵਾਲੇ ਤੇ ਪੈਦਲ ਜਾਂਦੇ ਕਾਫ਼ੀ ਲੋਕ ਰੁਕ ਕੇ ਸਾਡਾ ਹਾਲ-ਚਾਲ ਪੁੱਛਣ ਅਤੇ ਸਾਡੇ ਨਾਲ ਫੋਟੋਆਂ ਖਿਚਵਾਉਣ ਲੱਗੇ। ਤੇਈ ਮਾਰਚ 1931 ਨੂੰ ਮਹਾਨ ਦੇਸ਼ਭਗਤਾਂ ਨੂੰ ਫਾਂਸੀਆਂ ਦਿੱਤੀਆਂ ਗਈਆਂ ਸਨ। ਉਦੋਂ ਇਹ ਜਗ੍ਹਾ ਜੇਲ੍ਹ ਦੇ ਅੰਦਰ ਸੀ। 1961 ਵਿੱਚ ਜੇਲ੍ਹ ਦਾ ਕੁਝ ਹਿੱਸਾ ਤੋੜ ਕੇ ਮੱਧਵਰਗੀ ਆਵਾਮ ਵਾਸਤੇ ਇੱਕ ਕਾਲੋਨੀ ਬਣਾਈ ਗਈ ਜਿਸ ਦਾ ਨਾਮ 'ਸ਼ਾਦਮਨ ਕਾਲੋਨੀ' ਅਤੇ ਫਾਂਸੀ ਵਾਲੀ ਅਸਲ ਜਗ੍ਹਾ 'ਤੇ ਫੁਹਾਰਿਆਂ ਵਾਲਾ ਚੌਕ ਉਸਾਰ ਦਿੱਤਾ ਗਿਆ ਜਿਸ ਦਾ ਨਾਮ 'ਸ਼ਾਦਮਨ ਚੌਕ' ਹੈ। ਭਾਰਤ ਤੇ ਪਾਕਿਸਤਾਨ ਦੇ ਕੁਝ ਸਿਵਿਲ ਗਰੁੱਪਾਂ ਦੇ ਉਪਰਾਲਿਆਂ ਸਦਕਾ ਫਾਂਸੀ ਵਾਲੀ ਇਸ ਜਗ੍ਹਾ (ਚੌਕ) ਦਾ ਨਾਮ ਭਗਤ ਸਿੰਘ ਚੌਕ ਰੱਖਣ ਦੀ ਸਹਿਮਤੀ ਬਣੀ ਹੋਈ ਹੈ ਪਰ ਕੁਝ ਲੋਕਾਂ ਦੇ ਵਿਰੋਧ ਕਾਰਨ ਅਦਾਲਤੀ ਫ਼ੈਸਲੇ ਦੇ ਬਾਵਜੂਦ ਪਾਕਿਸਤਾਨ ਸਰਕਾਰ ਅਜੇ ਤੱਕ ਇਸ ਨੂੰ ਅਮਲ ਵਿੱਚ ਨਹੀਂ ਲਿਆ ਸਕੀ।

ਇਸ ਜਗ੍ਹਾ ਦਾ ਨਾਂ 'ਭਗਤ ਸਿੰਘ ਚੌਕ' ਰੱਖਣ ਦਾ ਉਪਰਾਲਾ ਕਰਨ ਵਾਲੇ ਲੋਕ ਸ਼ਹੀਦਾਂ ਦੀ ਕੁਰਬਾਨੀ, ਉਨ੍ਹਾਂ ਦੇ ਜਜ਼ਬੇ ਤੇ ਹੌਸਲੇ ਦੀ ਕਦਰ ਕਰਦੇ ਹਨ ਜਿਸ ਦੇ ਮੱਦੇਨਜ਼ਰ ਲਾਹੌਰ ਹਾਈ ਕੋਰਟ ਦੇ ਵਕੀਲ ਇਮਤਿਆਜ਼ ਰਸ਼ੀਦ ਕੁਰੈਸ਼ੀ ਦੀ ਸਰਪ੍ਰਸਤੀ ਹੇਠ 'ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ' ਬਣਾਈ ਹੋਈ ਹੈ। ਇਹ ਤਨਜ਼ੀਮ ਸ. ਭਗਤ ਸਿੰਘ ਨੂੰ ਆਜ਼ਾਦੀ ਦੀ ਜੰਗ ਦਾ ਨਾਇਕ ਮੰਨਦੀ ਹੈ। ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਅਤੇ ਜਨਮ ਦਿਨ ਮੌਕੇ ਸ਼ਾਦਮਨ ਚੌਕ 'ਤੇ ਹਮ-ਖ਼ਿਆਲ ਲੋਕ ਇਕੱਠੇ ਹੁੰਦੇ, ਮੋਮਬੱਤੀਆਂ ਜਗਾਉਂਦੇ ਤੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦਿੰਦੇ ਹਨ। ਇਸ ਫਾਊਂਡੇਸ਼ਨ ਨੇ ਮੰਗਾਂ ਰੱਖੀਆਂ ਹੋਈਆਂ ਹਨ ਕਿ 1) ਸ. ਭਗਤ ਸਿੰਘ ਨੂੰ ਪਾਕਿਸਤਾਨ ਦਾ ਸਰਬਉੱਚ ਬਹਾਦਰੀ ਐਜ਼ਾਜ਼ ਮਿਲਣਾ ਚਾਹੀਦਾ ਹੈ, 2) ਬਰਤਾਨੀਆ ਦੇ ਕਿੰਗ ਚਾਰਲਸ (ਤੀਜੇ) ਨੂੰ ਇਸ ਜੁਡੀਸ਼ੀਅਲ ਕਤਲ ਵਾਸਤੇ ਮੁਆਫ਼ੀ ਮੰਗਣ ਦੇ ਨਾਲ-ਨਾਲ ਸ਼ਹੀਦਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣਾ ਚਾਹੀਦਾ ਹੈ ਅਤੇ 3) 'ਸ਼ਾਦਮਨ ਚੌਕ' ਦਾ ਨਾਂ ਬਦਲ ਕੇ 'ਭਗਤ ਸਿੰਘ ਚੌਕ' ਰੱਖਣਾ ਚਾਹੀਦਾ ਹੈ। ਕਈ ਸਾਲਾਂ ਤੋਂ ਉਪਰਾਲੇ ਜਾਰੀ ਹਨ। 'ਸ਼ਾਦਮਨ' ਫ਼ਾਰਸੀ ਦਾ ਸ਼ਬਦ ਹੈ ਜਿਸ ਦਾ ਮਤਲਬ ਹੈ ਖ਼ੁਸ਼ੀ। ਸੋ ਸ਼ਾਦਮਨ ਮਤਲਬ ਕਿ ਖ਼ੁਸ਼ੀ ਵਾਲਾ ਚੌਕ। ਪਰ ਉਹ ਜਗ੍ਹਾ ਜਿੱਥੇ ਆਜ਼ਾਦੀ ਦੇ ਪਰਵਾਨਿਆਂ ਨੂੰ ਫਾਂਸੀਆਂ ਦਿੱਤੀਆਂ ਗਈਆਂ ਹੋਣ, ਖ਼ੁਸ਼ੀ ਵਾਲੀ ਜਗ੍ਹਾ ਕਿਵੇਂ ਹੋ ਸਕਦੀ ਹੈ? ਸ਼ਹੀਦ ਭਗਤ ਸਿੰਘ ਭਾਰਤ ਜਾਂ ਪਾਕਿਸਤਾਨ ਦਾ ਨਹੀਂ ਸੀ, ਉਹ ਤਾਂ ਪੂਰੇ ਉਪ-ਮਹਾਂਦੀਪ ਦਾ ਪੁੱਤ ਸੀ। ਉਸ ਦੀ ਸ਼ਹਾਦਤ (ਫਾਂਸੀ) ਵਾਲੀ ਜਗ੍ਹਾ 'ਤੇ ਉਸਰੇ ਚੌਕ ਦਾ ਬਿਲਕੁਲ ਢੁਕਵਾਂ ਨਾਂ ਤਾਂ 'ਭਗਤ ਸਿੰਘ ਚੌਕ' ਹੀ ਹੋਣਾ ਚਾਹੀਦਾ ਹੈ, ਪਰ ਹਕੂਮਤਾਂ ਨੇ ਅੱਜ ਤੱਕ ਇਸ ਦਾ ਨਾਂ ਬਦਲਿਆਂ ਨਹੀਂ। ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਨੇ ਸ਼ਾਦਮਨ ਚੌਕ ਦਾ ਨਾਂ ਭਗਤ ਸਿੰਘ ਚੌਕ ਰੱਖਣ ਵਾਸਤੇ ਲਾਹੌਰ ਹਾਈ ਕੋਰਟ ਵਿੱਚ ਕੇਸ ਵੀ ਕੀਤਾ ਹੋਇਆ ਹੈ, ਪਰ ਅਗਸਤ 2018 ਵਿੱਚ ਐਡਵੋਕੇਟ ਕੁਰੈਸ਼ੀ ਦੇ ਇਸ ਉਪਰਾਲੇ ਵਿਰੁੱਧ, ਕੁਝ ਗਰੁੱਪਾਂ ਨੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਸਰਕਾਰਾਂ ਬਦਲ ਜਾਣ ਤੋਂ ਬਾਅਦ ਵੀ ਧਮਕੀਆਂ ਮਿਲਣੀਆਂ ਬੰਦ ਨਹੀਂ ਹੋਈਆਂ। ਲਾਹੌਰ ਵਿੱਚ ਭਗਤ ਸਿੰਘ ਚੌਕ ਤੇ ਇਸ ਜੇਲ੍ਹ ਤੋਂ ਇਲਾਵਾ ਸ਼ਹੀਦਾਂ ਨਾਲ ਸਬੰਧਤ ਹੋਰ ਵੀ ਕਈ ਥਾਵਾਂ ਹਨ, ਜਿਵੇਂ: ਅੰਗਰੇਜ਼ ਸਮਾਜਿਕ ਕਾਰਕੁਨ ਚਾਰਲਸ ਬ੍ਰੈਡਲੇ (ਜੋ ਭਾਰਤ ਦੀ ਆਜ਼ਾਦੀ ਦਾ ਹਮਾਇਤੀ ਸੀ) ਦੀ ਯਾਦ ਵਿੱਚ ਬਣਿਆ ਬਰੈਡਲੇ ਹਾਲ ਪੰਜਾਬ ਕਾਂਗਰਸ ਦਾ ਅੱਡਾ ਹੁੰਦਾ ਸੀ, ਨੈਸ਼ਨਲ ਕਾਲਜ ਲਾਹੌਰ ਜਿੱਥੇ ਭਗਤ ਸਿੰਘ ਤੇ ਸੁਖਦੇਵ ਨੇ ਪੜ੍ਹਾਈ ਕੀਤੀ ਸੀ ਤੇ ਲਾਹੌਰ ਜੇਲ੍ਹ ਜਿੱਥੇ ਭਗਤ ਸਿੰਘ ਨੇ ਆਪਣੇ ਜੀਵਨ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਬਿਤਾਇਆ ਸੀ। ਲਾਹੌਰ ਵਿੱਚ ਹੀ ਲਾਲਾ ਲਾਜਪਤ ਰਾਏ ਉੱਤੇ ਬਰਤਾਨਵੀ ਹਿੰਦੇਸਤਾਨ ਦੀ ਪੁਲੀਸ ਨੇ 10 ਅਕਤੂਬਰ 1928 ਨੂੰ ਲਾਠੀਆਂ ਵਰ੍ਹਾਈਆਂ ਸਨ। ਉਨ੍ਹਾਂ ਨੂੰ ਕਾਫ਼ੀ ਸੱਟਾਂ ਲੱਗੀਆਂ ਸਨ। ਅਜੇ ਉਹ ਸੱਟਾਂ ਠੀਕ ਨਹੀਂ ਸਨ ਹੋਈਆਂ ਕਿ ਲਾਲਾ ਜੀ ਨੂੰ ਦਿਲ ਦਾ ਦੌਰਾ ਪਿਆ ਤੇ ਤਕਰੀਬਨ ਸਵਾ ਮਹੀਨੇ ਬਾਅਦ 17 ਨਵੰਬਰ ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ। ਇਸ ਮੌਤ ਦਾ ਕਾਰਨ ਦਿਲ ਦਾ ਦੌਰਾ ਸੀ ਅਤੇ ਭਗਤ ਸਿੰਘ ਹੋਰਾਂ ਦੇ ਲਾਲਾ ਜੀ ਨਾਲ ਵਿਚਾਰਕ ਮਤਭੇਦ ਵੀ ਸਨ, ਫਿਰ ਵੀ ਆਜ਼ਾਦੀ ਦੇ ਪ੍ਰਵਾਨੇ ਭਾਰਤੀਆਂ ਨੇ ਲਾਲਾ ਜੀ ਦੀ ਮੌਤ ਦਾ ਬਦਲਾ ਲੈਣ ਦੀ ਠਾਣ ਲਈ। ਭਗਤ ਸਿੰਘ, ਰਾਜਗੁਰੂ, ਸੁਖਦੇਵ ਤੇ ਚੰਦਰ ਸ਼ੇਖ਼ਰ ਆਜ਼ਾਦ ਨੇ ਲਾਠੀਚਾਰਜ ਕਰਾਉਣ ਵਾਲੇ ਪੁਲੀਸ ਅਫਸਰ ਜੇਮਜ਼ ਸਕੋਟ ਨੂੰ ਮਾਰਨ ਦਾ ਫ਼ੈਸਲਾ ਕਰ ਲਿਆ, ਪਰ ਲਾਹੌਰ ਦੇ ਐੱਸ.ਐੱਸ.ਪੀ. ਦਫਤਰ 'ਚੋਂ ਮੋਟਰਸਾਈਕਲ 'ਤੇ ਨਿਕਲਿਆ 21 ਸਾਲਾ ਪ੍ਰੋਬੇਸ਼ਨਰੀ ਪੁਲੀਸ ਅਫਸਰ ਜੌਹਨ ਸਾਂਡਰਸ ਭੁਲੇਖੇ ਨਾਲ ਮਾਰਿਆ ਗਿਆ। ਸਾਂਡਰਸ ਨੂੰ ਮਾਰਨ ਤੋਂ ਬਾਅਦ ਜਦ ਭਗਤ ਸਿੰਘ ਤੇ ਸੁਖਦੇਵ ਨਿਕਲਣ ਲੱਗੇ ਤਾਂ ਬਰਤਾਨਵੀ ਪੁਲੀਸ ਦੇ ਇੱਕ ਸਿਪਾਹੀ ਚੰਨਣ ਸਿੰਘ ਨੇ ਉਨ੍ਹਾਂ ਦਾ ਪਿੱਛਾ ਕਰਨਾ ਚਾਹਿਆ ਜਿਸ ਨੂੰ ਚੰਦਰ ਸ਼ੇਖ਼ਰ ਆਜ਼ਾਦ ਨੇ ਗੋਲੀਆਂ ਮਾਰ ਕੇ ਉੱਥੇ ਹੀ ਮਾਰ ਦਿੱਤਾ। ਇਹ ਵਾਕਿਆ 17 ਦਸੰਬਰ 1928 ਦਾ ਹੈ। ਉਸ ਵੇਲੇ ਗੌਰਮਿੰਟ ਕਾਲਜ ਵਿੱਚ ਖੜ੍ਹੇ ਕਾਲਮਨਵੀਸ ਫ਼ੈਜ਼ ਅਹਿਮਦ ਫ਼ੈਜ਼ ਤੇ ਲੇਖਕ ਤਾਰਿਕ ਅਲੀ, ਮਜ਼ਹਰ ਅਲੀ ਨੇ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਸੁਣੀਆਂ। ਭੁਲੇਖੇ 'ਚ ਮਾਰੇ ਗਏ ਸਾਂਡਰਸ ਦੀ ਮੌਤ ਦਾ ਇਨਕਲਾਬੀਆਂ ਨੂੰ ਕੋਈ ਅਫ਼ਸੋਸ ਨਹੀਂ ਹੋਇਆ ਕਿਉਂਕਿ ਉਹ ਸਮਝਦੇ ਸਨ ਕਿ ਸਾਮਰਾਜਵਾਦ ਤੇ ਭਾਰਤ ਨੂੰ ਗ਼ੁਲਾਮ ਬਣਾਉਣ ਵਾਲਿਆਂ ਦਾ ਅਤੇ ਲਾਲਾ ਜੀ 'ਤੇ ਜ਼ੁਲਮ ਢਾਹੁਣ ਵਾਲਿਆਂ ਦਾ ਹੀ ਕਤਲ ਕੀਤਾ ਹੈ। ਇਸ ਕਾਂਡ ਨੂੰ 'ਲਾਹੌਰ ਸਾਜ਼ਿਸ਼' ਕਿਹਾ ਜਾਂਦਾ ਹੈ। ਇਸ ਕਾਂਡ ਤੋਂ ਬਾਅਦ ਭਗਤ ਸਿੰਘ ਤੇ ਉਸ ਦੇ ਸਾਥੀ ਪੁਲੀਸ ਦੇ ਹੱਥ ਨਹੀਂ ਆਏ। ਅੱਠ ਅਪਰੈਲ 1929 ਨੂੰ ਗੂੰਗੀ-ਬੋਲੀ ਤੇ ਸੁੱਤੀ ਹੋਈ ਅੰਗਰੇਜ਼ ਸਰਕਾਰ ਨੂੰ ਜਗਾਉਣ ਵਾਸਤੇ ਭਗਤ ਸਿੰਘ ਤੇ ਬਟੂਕੇਸ਼ਵਰ ਦੱਤ ਨੇ ਮਿਲ ਕੇ ਨਵੀਂ ਦਿੱਲੀ ਦੀ ਅਸੈਂਬਲੀ 'ਚ ਬੰਬ ਤੇ ਪਰਚੇ ਸੁੱਟੇ ਸਨ। ਇਹ ਬੰਬ ਕਿਸੇ ਨੂੰ ਮਾਰਨ ਜਾਂ ਜ਼ਖ਼ਮੀ ਕਰਨ ਵਾਸਤੇ ਨਹੀਂ ਸਗੋਂ ਅੰਗਰੇਜ਼ ਸਰਕਾਰ ਤੱਕ ਆਵਾਜ਼ ਪਹੁੰਚਾਉਣ ਵਾਸਤੇ ਸਨ। ਬੰਬ ਸੁੱਟਣ ਤੋਂ ਬਾਅਦ ਉਹ ਭੱਜੇ ਨਹੀਂ ਸਗੋਂ ਉੱਥੇ ਹੀ ਗ੍ਰਿਫ਼ਤਾਰੀ ਦੇ ਦਿੱਤੀ। ਲਾਹੌਰ ਸਾਜ਼ਿਸ਼ ਤੇ ਅਸੈਂਬਲੀ ਬੰਬ ਸਬੰਧੀ ਕੇਸ ਲਾਹੌਰ ਵਿੱਚ ਚੱਲਿਆ। 14 ਜੂਨ ਨੂੰ ਸਜ਼ਾ ਤੋਂ ਬਾਅਦ ਭਗਤ ਸਿੰਘ ਨੂੰ ਮੀਆਂਵਾਲੀ ਤੇ ਬਟੂਕੇਸ਼ਵਰ ਦੱਤ ਨੂੰ ਲਾਹੌਰ ਦੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਤੇ ਕੁਝ ਸਮੇਂ ਬਾਅਦ ਭਗਤ ਸਿੰਘ ਨੂੰ ਵੀ ਲਾਹੌਰ ਜੇਲ੍ਹ ਭੇਜ ਦਿੱਤਾ ਗਿਆ। 1929 ਵਿੱਚ ਹੀ ਬਟੂਕੇਸ਼ਵਰ ਦੱਤ ਨੂੰ ਅਸੈਂਬਲੀ ਬੰਬ ਕੇਸ ਵਿੱਚ ਉਮਰ ਕੈਦ ਹੋਈ ਸੀ ਜਦੋਂਕਿ ਲਾਹੌਰ ਸਾਜ਼ਿਸ਼ ਕੇਸ ਵਿੱਚ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਦੀ ਸਜ਼ਾ ਹੋਈ। ਸ਼ਾਦਮਨ ਚੌਕ ਵਾਲੀ ਜਗ੍ਹਾ 'ਤੇ ਤਿੰਨਾਂ ਨੂੰ ਫਾਂਸੀ ਦੇ ਤਖ਼ਤੇ 'ਤੇ ਲਟਕਾਇਆ ਗਿਆ। ਜੇਲ੍ਹ ਦੇ ਨਿਯਮਾਂ ਮੁਤਾਬਿਕ ਉਨ੍ਹਾਂ ਨੂੰ ਫਾਂਸੀ 24 ਮਾਰਚ ਨੂੰ ਸਵੇਰੇ ਤੜਕੇ ਹੋਣੀ ਸੀ। ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਕਿ ਪਹਿਲਾਂ ਤੋਂ ਜਾਰੀ ਹੋਏ ਸਰਕਾਰੀ ਹੁਕਮਾਂ ਨੂੰ ਛਿੱਕੇ ਟੰਗ ਕੇ ਇੱਕ ਦਿਨ ਪਹਿਲਾਂ 23 ਮਾਰਚ ਦੀ ਸ਼ਾਮ ਦੇ ਸੱਤ ਵਜੇ ਫਾਂਸੀ ਦੇ ਦਿੱਤੀ ਗਈ। ਖ਼ਲਕਤ ਦੇ ਰੋਹ ਤੋਂ ਬਚਣ ਲਈ ਸ਼ਹੀਦਾਂ ਦੀਆਂ ਲੋਥਾਂ ਨੂੰ ਗੁਪਤ ਢੰਗ ਨਾਲ ਰਾਤੋ-ਰਾਤ ਜੇਲ੍ਹ ਦੇ ਪਿਛਲੇ ਗੇਟ ਥਾਣੀਂ ਕਸੂਰ ਨੇੜਲੇ ਪਿੰਡ ਗੰਡਾ ਸਿੰਘ ਵਾਲਾ (ਇਸ ਵੇਲੇ ਪਾਕਿਸਤਾਨ 'ਚ) ਲਿਜਾ ਕੇ ਸਾੜਨ ਦੀ ਕੋਸ਼ਿਸ਼ ਕੀਤੀ ਗਈ ਪਰ ਲਾਹੌਰ ਤੋਂ ਸੈਂਕੜਿਆਂ ਦੀ ਗਿਣਤੀ ਵਿੱਚ ਲੋਕ ਪੁੱਜ ਗਏ ਸਨ। ਇਸ ਲਈ ਪੁਲੀਸ ਨੇ ਫਿਰੋਜ਼ਪੁਰ ਦੇ ਨਜ਼ਦੀਕ ਸਤਲੁਜ ਦਰਿਆ ਕੰਢੇ ਹੁਸੈਨੀਵਾਲਾ ਵਿਖੇ ਸ਼ਹੀਦਾਂ ਦਾ ਕਾਹਲੀ ਕਾਹਲੀ ਸਸਕਾਰ ਕੀਤਾ ਅਤੇ ਲੋਕ ਰੋਹ ਤੋਂ ਬਚਣ ਲਈ ਉਨ੍ਹਾਂ ਦੀਆਂ ਅਧਸੜੀਆਂ ਲੋਥਾਂ ਦਰਿਆ ਵਿੱਚ ਸੁੱਟ ਦਿੱਤੀਆਂ। ਛੱਬੀ ਮਾਰਚ 1931 ਨੂੰ ਲਾਹੌਰ ਤੋਂ ਛਪੇ ਅਖ਼ਬਾਰ 'ਦਿ ਟ੍ਰਿਬਿਊਨ' ਦੀ ਰਿਪੋਰਟ ਮੁਤਾਬਿਕ ਸਾਰਾ ਲਾਹੌਰ ਬੰਦ ਰਿਹਾ ਸੀ ਤੇ ਸ਼ਹੀਦਾਂ ਦੇ ਜਨਾਜ਼ੇ ਵਿੱਚ ਤਕਰੀਬਨ ਪੰਜਾਹ ਹਜ਼ਾਰ ਲੋਕ ਸ਼ਾਮਿਲ ਹੋਏ ਸਨ।

1965 ਦੀ ਭਾਰਤ ਪਾਕਿਸਤਾਨ ਜੰਗ ਤੋਂ ਪਹਿਲਾਂ ਦੋਹਾਂ ਦੇਸ਼ਾਂ ਦੇ ਮੁਲਕਾਂ ਦੇ ਬਾਸ਼ਿੰਦੇ ਆਸਾਨੀ ਨਾਲ ਇਧਰ ਉਧਰ ਜਾ ਸਕਦੇ ਸਨ, ਰੁਕਾਵਟਾਂ ਘੱਟ ਸਨ। ਗੁਰਦੁਆਰਿਆਂ ਦੇ ਦਰਸ਼ਨਾਂ ਲਈ ਪਾਕਿਸਤਾਨ ਜਾਂਦੇ ਯਾਤਰੀ ਲਾਹੌਰ ਤੋਂ ਤਕਰੀਬਨ 40 ਕਿਲੋਮੀਟਰ ਦੂਰੀ 'ਤੇ ਭਗਤ ਸਿੰਘ ਦੇ ਜਨਮ ਅਸਥਾਨ ਪਿੰਡ ਬੰਗਾ (ਜ਼ਿਲ੍ਹਾ ਲਾਇਲਪੁਰ/ ਫੈਸਲਾਬਾਦ) ਵੀ ਹੋ ਕੇ ਆਉਂਦੇ ਸਨ। ਬਰਤਾਨਵੀ ਰਾਜ ਵੇਲੇ ਹਕੂਮਤ ਨੇ ਜਦ ਬਾਰਾਂ ਵਸਾਈਆਂ ਤਾਂ ਪੰਜਾਬ ਦੇ ਚੜ੍ਹਦੇ ਪਾਸੇ ਤੋਂ ਲੋਕਾਂ ਨੂੰ ਉੱਥੇ ਜ਼ਮੀਨਾਂ ਅਲਾਟ ਕੀਤੀਆਂ ਸਨ। ਉਦੋਂ ਭਗਤ ਸਿੰਘ ਹੋਰਾਂ ਦਾ ਟੱਬਰ ਨਵਾਂਸ਼ਹਿਰ ਕੋਲ ਖਟਕੜ ਕਲਾਂ ਤੋਂ ਲਾਇਲਪੁਰ ਜ਼ਿਲ੍ਹੇ ਦੇ ਬੰਗਾ ਪਿੰਡ ਵਿੱਚ ਆ ਵੱਸਿਆ ਸੀ। ਇਸੇ ਪਿੰਡ ਵਿੱਚ ਭਗਤ ਸਿੰਘ ਦਾ ਜਨਮ ਪਿਤਾ ਕਿਸ਼ਨ ਸਿੰਘ ਤੇ ਮਾਤਾ ਵਿਦਿਆਵਤੀ ਦੇ ਘਰ 27 ਸਤੰਬਰ 1907 ਨੂੰ ਹੋਇਆ ਸੀ। ਉਹ ਸੱਤ ਭੈਣਾਂ-ਭਰਾਵਾਂ 'ਚੋਂ ਦੂਜੇ ਨੰਬਰ 'ਤੇ ਸੀ। 1947 ਦੀ ਦੇਸ਼ ਵੰਡ ਤੋਂ ਬਾਅਦ ਇਹ ਟੱਬਰ ਵਾਪਸ ਆਪਣੇ ਪਿੰਡ ਖਟਕੜ ਕਲਾਂ ਆ ਗਿਆ ਸੀ।

ਅਜੋਕੇ ਸਮੇਂ ਵਿੱਚ ਪਿੰਡ ਬੰਗਾ ਵਾਲੀ ਜਗ੍ਹਾ (ਹਵੇਲੀ/ਘਰ) ਐਡਵੋਕੇਟ ਇਕਬਾਲ ਵਿਰਕ ਦੀ ਮਲਕੀਅਤ ਹੈ ਜਿਸ ਨੇ ਉੱਥੇ ਭਗਤ ਸਿੰਘ ਤੇ ਆਜ਼ਾਦੀ ਸੰਘਰਸ਼ ਦੇ ਹੋਰ ਸ਼ਹੀਦਾਂ ਦੀਆਂ ਤਸਵੀਰਾਂ ਤੇ ਵਸਤਾਂ ਇਕੱਠੀਆਂ ਕਰਕੇ ਸੰਭਾਲੀਆਂ ਹੋਈਆਂ ਹਨ ਤੇ ਅਜਾਇਬਘਰ ਬਣਾਇਆ ਹੋਇਆ ਹੈ। ਭਗਤ ਸਿੰਘ ਬਾਰੇ ਅਧਿਐਨ ਦਾ ਮਾਹਿਰ, ਜਵਾਹਰਲਾਲ ਨਹਿਰੂ ਯੂਨਿਵਰਸਿਟੀ ਦਾ ਸਾਬਕਾ ਪ੍ਰੋਫੈਸਰ ਚਮਨ ਲਾਲ ਲਿਖਦਾ ਹੈ: "ਮੈਂ 2007 ਵਿੱਚ ਭਗਤ ਸਿੰਘ ਦੇ ਘਰ ਗਿਆ ਸਾਂ। ਪਿੰਡ ਦੇ ਰਾਹ 'ਚ ਮੈਨੂੰ 82 ਸਾਲ ਦਾ ਇੱਕ ਸੇਵਾਮੁਕਤ ਬਜ਼ੁਰਗ ਫਰਹੱਦ ਖ਼ਾਨ ਮਿਲਿਆ। ਉਹ ਮੈਨੂੰ ਆਪਣੇ ਘਰ ਲੈ ਗਿਆ, ਉਨ੍ਹਾਂ ਨੇ ਆਪਣੀ ਗਲੀ ਦਾ ਨਾਂ ਭਗਤ ਸਿੰਘ ਦੇ ਨਾਂ 'ਤੇ ਰੱਖਿਆ ਹੋਇਆ ਹੈ। ਉਸ ਨੇ ਆਪਣੇ ਡਰਾਇੰਗ ਰੂਮ ਵਿੱਚ ਸ. ਭਗਤ ਸਿੰਘ ਦੀ ਫੋਟੋ ਵੀ ਲਗਾਈ ਹੋਈ ਸੀ।" ਸ. ਭਗਤ ਸਿੰਘ ਤੇ

ਡੇਢ ਦਹਾਕੇ ਤੋਂ ਪਿੰਡ ਰੱਖੜਾ ਦੇ ਬੇਆਬਾਦ ਪਏ ਖੇਡ ਸਟੇਡੀਅਮ ਦੀ 60 ਲੱਖ ਰੁਪਏ ਨਾਲ ਬਦਲੇਗੀ ਨੁਹਾਰ-ਜੌੜਾਮਾਜਰਾ

ਪਟਿਆਲਾ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਸਮਾਣਾ ਹਲਕੇ ਦੇ ਦੋ ਅਹਿਮ ਪਿੰਡਾਂ ਰੱਖੜਾ ਤੇ ਲੰਗੜੋਈ ਵਿਖੇ 1 ਕਰੋੜ 15 ਲੱਖ ਰੁਪਏ ਦੀ ਲਾਗਤ ਨਾਲ ਕਰਵਾਏ ਜਾਣ ਵਾਲੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ। ਇਸ ਮੌਕੇ ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਬਿਨ੍ਹਾਂ ਕਿਸੇ ਰਾਜਸੀ ਵਿਤਕਰੇ ਤੋਂ ਪੰਜਾਬ ਦੇ ਭਲੇ ਤੇ ਸੂਬੇ ਦੇ ਵਡੇਰੇ ਹਿੱਤਾਂ ਲਈ ਲਗਾਤਾਰ ਕੰਮ ਕਰ ਰਹੀ ਹੈ।

ਚੇਤਨ ਸਿੰਘ ਜੌੜਾਮਾਜਰਾ ਨੇ ਪਿੰਡ ਰੱਖੜਾ ਵਿਖੇ 60 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਅਤਿਆਧੁਨਿਕ ਖੇਡ ਸਟੇਡੀਅਮ, 10 ਲੱਖ ਰੁਪਏ ਦੀ ਲਾਗਤ ਨਾਲ ਸੀਵਰੇਜ ਪਾਈਪਾਂ ਤੇ 5 ਲੱਖ ਰੁਪਏ ਦੀ ਲਾਗਤ ਨਾਲ ਗਲੀਆਂ ਦੇ ਕਰਵਾਏ ਜਾਣ ਵਾਲੇ ਕੰਮਾਂ ਦਾ ਵੀ ਨੀਂਹ ਪੱਥਰ ਰੱਖਿਆ। ਇਸੇ ਤਰ੍ਹਾਂ ਉਨ੍ਹਾਂ ਨੇ ਪਿੰਡ ਲੰਗੜੋਈ ਵਿਖੇ 40 ਲੱਖ ਰੁਪਏ ਦੀ ਲਾਗਤ ਨਾਲ ਖੇਡ ਮੈਦਾਨ ਤੋਂ ਖੜਵੰਜੇ ਵਾਲੀ ਸੜਕ ਅਤੇ ਇੰਟਰਲਾਕਿੰਗ ਟਾਈਲਾਂ ਲਗਾ ਕੇ ਫਿਰਨੀ ਪੱਕੀ ਕਰਨ ਦੇ ਕੰਮ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਕਿਹਾ ਕਿ ਉਹ ਇਸ ਤਰ੍ਹਾਂ ਵਿਕਾਸ ਕਾਰਜ ਕਰਵਾਉਣਗੇ ਕਿ ਪਿੰਡ ਵਾਸੀਆਂ ਨੂੰ ਅਗਲੀ ਵਾਰ ਕੋਈ ਗ੍ਰਾਂਟ ਮੰਗਣ ਦੀ ਲੋੜ ਨਹੀਂ ਪਵੇਗੀ।ਸੂਚਨਾ ਤੇ ਲੋਕ ਸੰਪਰਕ, ਖਨਣ ਤੇ ਭੂ-ਵਿਗਿਆਨ, ਜਲ ਸਰੋਤ, ਜਲ ਤੇ ਭੂਮੀ ਰੱਖਿਆ, ਬਾਗਬਾਨੀ, ਸੁਤੰਤਰਤਾ ਸੰਗਰਾਮੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਅਫ਼ਸੋਸ ਜਤਾਇਆ ਕਿ ਇਸ ਪਿੰਡ ਦਾ ਵਜ਼ੀਰ ਹੋਣ ਦੇ ਬਾਵਜੂਦ ਪਿਛਲੇ ਕਰੀਬ ਡੇਢ ਦਹਾਕੇ ਤੋਂ ਖੇਡ ਸਟੇਡੀਅਮ ਬੇਆਬਾਦ ਪਿਆ ਸੀ ਪਰ ਹੁਣ ਇਸਨੂੰ ਪਟਿਆਲਾ ਜ਼ਿਲ੍ਹੇ ਦਾ ਨੰਬਰ ਇਕ ਤੇ ਸਭ ਤੋਂ ਬਿਹਤਰ ਖੇਡ ਸਟੇਡੀਅਮ ਬਣਾਇਆ ਜਾਵੇਗਾ। ਇੱਥੇ ਵਾਲੀਵਾਲ, ਕ੍ਰਿਕਟ, ਫੁਟਬਾਲ ਸਮੇਤ ਹਰ ਖੇਡ ਦਾ ਮੈਦਾਨ ਹੋਵੇਗਾ ਸਗੋਂ ਪਿੰਡ ਵਾਸੀਆਂ ਲਈ ਸੈਰ ਕਰਨ ਵਾਸਤੇ ਟਰੈਕ ਵੀ ਬਣੇਗਾ।

ਜੌੜਾਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਸੁਪਨਾ ਹੈ ਕਿ ਸਾਡੇ ਨੌਜਵਾਨ ਨਸ਼ਿਆਂ ਤੋਂ ਦੂਰ ਰੱਖਿਆ ਜਾਵੇ, ਇਸ ਲਈ ਪਿੰਡ-ਪਿੰਡ ਖੇਡ ਸਟੇਡੀਅਮ ਬਣ ਰਹੇ ਹਨ ਜਿਸ ਕਰਕੇ ਸਾਡੇ ਨੌਜਵਾਨ ਖੇਡਾਂ ਨਾਲ ਤਾਂ ਜੁੜ ਹੀ ਰਹੇ ਹਨ, ਸਗੋਂ ਖੇਡ ਮੈਦਾਨਾਂ ਵਿੱਚ ਜਾ ਕੇ ਤਿਆਰੀ ਕਰਨ ਨਾਲ ਪੁਲਿਸ ਤੇ ਫ਼ੌਜ ਵਿੱਚ ਵੀ ਭਰਤੀ ਹੋ ਰਹੇ ਹਨ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਵੱਲੋਂ ਕੀਤੇ ਫ਼ੈਸਲੇ ਮੁਤਾਬਕ ਹੁਣ ਪੁਲਿਸ ਦੀ ਭਰਤੀ ਹਰ ਸਾਲ ਬਿਨ੍ਹਾਂ ਕਿਸੇ ਸਿਫ਼ਾਰਸ਼ ਤੇ ਪਾਰਦਰਸ਼ੀ ਢੰਗ ਨਾਲ ਕੀਤੀ ਜਾ ਰਹੀ ਹੈ।

ਚੇਤਨ ਸਿੰਘ ਜੌੜਾਮਾਜਰਾ ਨੇ ਲੋਕਾਂ ਨੂੰ ਵਾਤਾਵਰਣ ਦੀ ਸ਼ੁੱਧਤਾ ਲਈ ਬੂਟੇ ਲਾਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਹਰੇਕ ਪਿੰਡ ਵਿੱਚ ਪੰਚਾਇਤੀ ਚੋਣਾਂ ਵਿੱਚ ਚੰਗੇ ਪੰਚਾਂ-ਸਰਪੰਚਾਂ ਦੀ ਚੋਣ ਕੀਤੀ ਜਾਵੇ ਅਤੇ ਜੇਕਰ ਹੋ ਸਕੇ ਤਾਂ ਹਰੇਕ ਪਿੰਡ ਵਿੱਚ ਸਰਵਸੰਮਤੀ ਹੀ ਕਰ ਲਈ ਜਾਵੇ। ਉਨ੍ਹਾਂ ਦੱਸਿਆ ਕਿ ਹਰੇਕ ਖੇਤ ਤੱਕ ਨਹਿਰੀ ਪਾਣੀ ਪਹੁੰਚਾਇਆ ਜਾ ਰਿਹਾ ਹੈ, ਇਸ ਲਈ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਕਿਸਾਨ ਨਹਿਰੀ ਪਾਣੀ ਦੀ ਵਰਤੋਂ ਵੱਧ ਤੋਂ ਵੱਧ ਕਰਨ।ਇਸ ਮੌਕੇ ਹਰਜਿੰਦਰ ਸਿੰਘ ਮਿੰਟੂ, ਬਲਕਾਰ ਸਿੰਘ ਗੱਜੂਮਾਜਰਾ, ਗੁਰਦੇਵ ਸਿੰਘ ਟਿਵਾਣਾ, ਤਰਲੋਚਨ ਸਿੰਘ ਰੱਖੜਾ, ਹਰਿੰਦਰ ਸਿੰਘ ਢਿੱਲੋਂ, ਨਾਜਰ ਸਿੰਘ, ਸੋਨੂ ਥਿੰਦ, ਬੀ.ਡੀ.ਪੀ.ਓ. ਸੁਖਵਿੰਦਰ ਸਿੰਘ ਟਿਵਾਣਾ, ਪੰਚਾਇਤ ਵਿਭਾਗ ਤੋਂ ਗੁਰਮੁੱਖ ਸਿੰਘ, ਜੇ.ਈ. ਸੁਨੀਲ ਕੁਮਾਰ, ਸੁਰਿੰਦਰ ਸਿੰਘ ਤੇ ਅਸ਼ੋਕ ਕੁਮਾਰ ਅਤੇ ਪਿੰਡ ਵਾਸੀ ਵੱਡੀ ਗਿਣਤੀ 'ਚ ਮੌਜੂਦ ਸਨ।

ਪੁਰਾਣੀ ਪੈਂਨਸ਼ਨ ਬਹਾਲ ਨਾ ਕਰਨ ਦੇ ਰੋਸ ਵਜੋਂ 29 ਸਤੰਬਰ ਨੂੰ ਕੀਤੇ ਜਾ ਰਹੇ ਧਰਨੇ ਪ੍ਰਦਰਸ਼ਨ ਸਬੰਧੀ

ਸ੍ਰੀ ਅਨੰਦਪੁਰ ਸਾਹਿਬ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੁਰਾਣੀ ਪੈਂਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਵੱਲੋਂ ਐਲਾਨ ਕੀਤੇ ਗਏ ਪ੍ਰੋਗਰਾਮ ਤਹਿਤ 29 ਸਤੰਬਰ ਨੂੰ ਐਮ ਐਲ ਏ ਅਤੇ ਕੈਬਨਿਟ ਮੰਤਰੀਆਂ ਦੇ ਘਰਾਂ ਅੱਗੇ ਧਰਨਾ ਦਿੱਤਾ ਜਾ ਰਿਹਾ ਹੈ ਜਿਸ ਦੇ ਸੰਬੰਧ ਵਿੱਚ ਅੱਜ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਜਿਲ੍ਹਾ ਰੂਪਨਗਰ ਦੇ ਜਿਲ੍ਹਾ ਕਨਵੀਨਰ ਗੁਰਿੰਦਰ ਪਾਲ ਸਿੰਘ ਖੇੜੀ ਦੀ ਅਗਵਾਈ ਦੇ ਵਿੱਚ ਇੱਕ ਮੀਟਿੰਗ ਕੀਤੀ ਗਈ ਅਤੇ ਕੀਤੇ ਜਾ ਰਹੇ ਧਰਨਾ ਪ੍ਰਦਰਸ਼ਨ ਦੇ ਸੰਬੰਧ ਵਿੱਚ ਵਿਚਾਰ ਚਰਚਾ ਕੀਤੀ ਗਈ

ਇਸ ਮੌਕੇ ਸੂਬਾ ਪ੍ਰੈੱਸ ਸਕੱਤਰ ਪ੍ਰੇਮ ਸਿੰਘ ਠਾਕੁਰ, ਬਲਵਿੰਦਰ ਸਿੰਘ ਲੋਦੀਪੁਰ ਅਤੇ ਬਲਵਿੰਦਰ ਰੈਲੋ ਨੇ ਬੋਲਦਿਆ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਾਲ 18 ਨਵੰਬਰ 2022 ਨੂੰ ਪੁਰਾਣੀ ਪੈਂਨਸ਼ਨ ਬਹਾਲ ਕਰਨ ਦਾ ਨੋਟੀਫਿਕੇਸ਼ਨ ਜ਼ਾਰੀ ਹੋਇਆ ਸੀ ਇਸ ਨੋਟੀਫਿਕੇਸ਼ਨ ਅਜੇ ਤੱਕ ਪੰਜਾਬ ਸਰਕਾਰ ਵੱਲੋਂ ਲਾਗੂ ਨਹੀਂ ਕੀਤਾ ਗਿਆ ਜਿਸ ਦੇ ਕਾਰਨ ਪੰਜਾਬ ਦੇ ਲੱਖਾਂ ਐਨਪੀਐਸ ਮੁਲਾਜ਼ਮਾਂ ਦੇ ਵਿੱਚ ਭਾਰੀ ਰੋਸ਼ ਪਾਇਆ ਜਾ ਰਿਹਾ ਹੈ। ਮੌਜੂਦਾ ਪੰਜਾਬ ਸਰਕਾਰ ਵੱਡੇ ਵੱਡੇ ਕੰਮਾਂ ਨੂੰ ਥੋੜੇ ਸਮੇਂ ਵਿੱਚ ਕਰਕੇ ਦਿਖਾਉਣ ਦਾ ਦਾਅਵਾ ਕਰਦੀ ਹੈ ਪਰ ਖੁਦ ਦੇ ਪੁਰਾਣੀ ਪੈਂਨਸ਼ਨ ਬਹਾਲੀ ਸਬੰਧੀ ਲਿਖਤੀ ਕੀਤੇ ਵਾਅਦੇ ਨੂੰ ਇੱਕ ਸਾਲ ਹੋ ਚੱਲਿਆ ਤੇ ਮੁੱਖਮੰਤਰੀ ਦੇ ਐਲਾਨ ਨੂੰ ਵੀ ਇੱਕ ਸਾਲ ਹੋ ਗਿਆ ਹੈ ਪਰ ਸਰਕਾਰ ਅਮਲੀ ਜਾਮਾ ਪਾਉਣ ਲਈ ਨਾਕਾਮ ਰਹੀ ਹੈ। ਜਦੋਂ ਕਿ ਗਵਾਂਢੀ ਸੂਬੇ ਦੀ ਸਰਕਾਰ ਨੇ ਬਾਅਦ ਵਿੱਚ ਸਰਕਾਰ ਬਣਾ ਕੇ ਵਾਅਦਾ ਪੂਰਾ ਕਰ ਵਿਖਾਇਆ ਹੈ।

ਇਸ ਮੌਕੇ ਬਲਵਿੰਦਰ ਸਿੰਘ ਰੈਲੋ, ਹਰਪ੍ਰੀਤ ਸਿੰਘ ,ਹਰਭਜਨ ਸਿੰਘ, ਰਜੀਵ ਕੁਮਾਰ ,ਯੋਗੇਸ਼ ਕੁਮਾਰ, ਰਵੀ ਕੁਮਾਰ, ਅੰਮ੍ਰਿਤਪਾਲ ਸਿੰਘ ,ਹਰਨੇਕ ਸਿੰਘ ,ਅਜੇ ਕੁਮਾਰ ,ਮਨੀਸ਼ ਕੁਮਾਰ , ਅਨਿਲ ਕੁਮਾਰ ਅਤੇ ਗੁਰਚਰਨ ਸਿੰਘ ਆਦਿ ਹਜਾਰ ਸਨ,

ਵਿਧਾਇਕ ਰੰਧਾਵਾ ਨੇ ਪਿਹੋਵਾ ਹਕਲੇ 'ਚ ਆਪ ਲਾਲੜੂ ਦੀ ਟੀਮ ਨਾਲ ਕੀਤਾ ਤੂਫਾਨੀ ਪ੍ਰਚਾਰ

ਲਾਲੜੂ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਆਮ ਆਦਮੀ ਪਾਰਟੀ ਲਾਲੜੂ ਦੀ ਟੀਮ ਨਾਲ ਆਮ ਆਦਮੀ ਪਾਰਟੀ ਦੇ ਪਿਹੋਵਾ ਹਲਕੇ ਤੋਂ ਪਾਰਟੀ ਉਮੀਦਵਾਰ ਗਹਿਲ ਸਿੰਘ ਸੰਧੂ ਲਈ ਤੂਫਾਨੀ ਪੰਕਚਰ ਕੀਤਾ। ਇਸ ਦੌਰਾਨ ਵਿਧਾਇਕ ਰੰਧਾਵਾ ਨੇ ਬੀਬੀਪੁਰ ਕਲਾਂ, ਮੁਰਤਜਾਪੁਰ ਅਤੇ ਜਲਵੇੜਾ ਵਿੱਚ ਡੋਰ-ਟੂ-ਡੋਰ ਪ੍ਰਚਾਰ ਕਰਨ ਤੋਂ ਬਾਅਦ ਇਸਮਾਈਲਾਬਾਦ ਵਿੱਚ ਪਾਰਟੀ ਵਰਕਰਾਂ ਨਾਲ ਮੀਟਿੰਗ ਕੀਤੀ।

ਵਿਧਾਇਕ ਕੁਲਜੀਤ ਸਿੰਘ ਰੰਧਾਵਾ ਆਮ ਆਦਮੀ ਪਾਰਟੀ ਦੀ ਡੇਰਾਬੱਸੀ ਟੀਮ ਦੇ ਨਾਲ ਆਗਾਮੀ ਚੋਣਾਂ ਵਿੱਚ ਗਹਿਲ ਸਿੰਘ ਸੰਧੂ ਦੀ ਜਿੱਤ ਲਈ ਅਣਥੱਕ ਮਿਹਨਤ ਕਰ ਰਹੇ ਹਨ। ਉਨ੍ਹਾਂ ਦੀ ਟੀਮ ਪਿਹੋਵਾ ਵਿਧਾਨ ਸਭਾ ਦੇ ਹਰ ਪਿੰਡ ਦੇ ਲੋਕਾਂ ਨਾਲ ਸਰਗਰਮੀ ਨਾਲ ਜੁੜ ਰਹੀ ਹੈ, ਜਿੱਥੋਂ ਸੰਧੂ ਨੂੰ ਸਥਾਨਕ ਲੋਕਾਂ ਦਾ ਭਰਪੂਰ ਸਮਰਥਨ ਮਿਲਿਆ ਹੈ। ਵਿਧਾਇਕ ਰੰਧਾਵਾ ਦੇ ਨਾਲ ਡੇਰਾਬੱਸੀ ਦੀ ਟੀਮ ਨੇ ਹਰਿਆਣਾ ਚੋਣਾਂ ਵਿੱਚ 'ਆਪ' ਦੇ ਪ੍ਰਚਾਰ ਲਈ ਸਥਾਨਕ ਵਰਕਰਾਂ ਵਿੱਚ ਨਵੀਂ ਊਰਜਾ ਅਤੇ ਉਤਸ਼ਾਹ ਪੈਦਾ ਕੀਤਾ ਹੈ।

ਇਸ ਮੌਕੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ, ਮੈਂ ਪੰਜਾਬ ਅਤੇ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੇ ਕੰਮਾਂ ਨੂੰ ਨੇੜਿਓਂ ਦੇਖ ਰਿਹਾ ਹਾਂ ਅਤੇ ਮੈਂ ਆਮ ਆਦਮੀ ਪਾਰਟੀ ਦੀ ਆਮ ਜਨਤਾ ਦੀ ਭਲਾਈ ਪ੍ਰਤੀ ਵਚਨਬੱਧਤਾ ਤੋਂ ਪ੍ਰਭਾਵਿਤ ਹਾਂ, ਮੇਰਾ ਮੰਨਣਾ ਹੈ ਕਿ ਗਹਿਲ ਸਿੰਘ ਸੰਧੂ ਸਭ ਤੋਂ ਵਧੀਆ ਉਮੀਦਵਾਰ ਹਨ ਪਿਹੋਵਾ ਵਿੱਚ ਸਕਾਰਾਤਮਕ ਤਬਦੀਲੀ ਲਿਆਉਣ ਲਈ ਅਤੇ ਮੈਨੂੰ ਭਰੋਸਾ ਹੈ ਕਿ ਲੋਕ ਉਸਨੂੰ ਚੁਣ ਕੇ ਸਹੀ ਚੋਣ ਕਰਨਗੇ। ਰੰਧਾਵਾ ਨੇ ਕਿਹਾ ਕਿ ਭ੍ਰਿਸ਼ਟਾਚਾਰ ਵਿਰੋਧੀ ਰੁਖ ਅਤੇ ਲੋਕ ਪੱਖੀ ਨੀਤੀਆਂ ਲਈ ਜਾਣੀ ਜਾਂਦੀ ਆਮ ਆਦਮੀ ਪਾਰਟੀ ਲੋਕਾਂ ਨੂੰ ਮੁਫਤ ਬਿਜਲੀ, ਪਾਣੀ ਅਤੇ ਸਿੱਖਿਆ ਪ੍ਰਦਾਨ ਕਰਨ ਦੇ ਆਪਣੇ ਵਾਅਦੇ ਨਾਲ ਹਰਿਆਣਾ ਵਿੱਚ ਤੇਜ਼ੀ ਫੜ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੇ ਮਿਲੇ ਸਮਰਥਨ ਨਾਲ ਪਾਰਟੀ ਪਿਹੋਵਾ ਸੀਟ ਜਿੱਤਣ ਦਾ ਪੂਰਾ ਭਰੋਸਾ ਰੱਖਦੀ ਹੈ। ਹਰਿਆਣਾ ਦੇ ਲੋਕ ਆਉਣ ਵਾਲੀਆਂ ਚੋਣਾਂ ਵਿੱਚ ਵੋਟਾਂ ਪਾ ਕੇ ਭਾਜਪਾ ਦੇ 10 ਸਾਲਾਂ ਦੇ ਸ਼ਾਸਨ ਨੂੰ ਉਖਾੜ ਸੁੱਟਣ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ।

ਲਾਇਨ ਕਲੱਬ ਸ੍ਰੀ ਅਨੰਦਪੁਰ ਸਾਹਿਬ ਨੇ ਕਰਵਾਈ ਰੇਨ ਸ਼ੈਲਟਰ ਦੀ ਰੈਨੋਵੇਸ਼ਨ

ਸ੍ਰੀ ਅਨੰਦਪੁਰ ਸਾਹਿਬ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਿਛਲੇ ਲੰਮੇ ਸਮੇਂ ਤੋਂ ਸਮਾਜ ਸੇਵਾ ਲਈ ਮਸ਼ਹੂਰ ਲਾਇਨ ਕਲੱਬ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਰੇਨ ਸ਼ੈਲਟਰ ਦੀ ਰੈਨੋਵੇਸ਼ਨ ਕਰਵਾਈ ਗਈ।ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਕਲੱਬ ਦੇ ਪੀ ਆਰ ਓ ਇੰਦਰਜੀਤ ਸਿੰਘ ਅਰੋੜਾ ਨੇ ਦੱਸਿਆ ਕਿ ਸਵਾਰੀਆਂ ਦੀ ਸਹੂਲਤ ਲਈ 1996 ਵਿੱਚ ਬਣਾਈ ਰੇਨ ਸ਼ੈਲਟਰ ਜੋ ਕਿ ਟੁੱਟ ਚੁੱਕੀ ਸੀ ਉਸ ਦੀ ਮਰੰਮਤ ਬਾਰੇ ਪਿਛਲੀ ਮੀਟਿੰਗ ਵਿੱਚ ਇੱਕ ਮਤਾ ਪਾਸ ਕੀਤਾ ਗਿਆ ਸੀ। ਇਹ ਮੀਟਿੰਗ ਕਲੱਬ ਦੇ ਪ੍ਰਧਾਨ ਰਾਜਵਿੰਦਰ ਸਿੰਘ ਸੋਢੀ ਦੀ ਪ੍ਰਧਾਨਗੀ ਹੇਠ ਹੋਈ ਸੀ । ਉਨ੍ਹਾਂ ਦੱਸਿਆ ਕਿ ਰੇਨ ਸ਼ੈਲਟਰ ਦਾ ਕੰਮ ਇਸ ਪ੍ਰੋਜੈਕਟ ਦੇ ਚੇਅਰਮੈਨ ਕੁਲਦੀਪ ਸਿੰਘ ਵੱਲੋਂ ਬੜੀ ਤਨਦੇਹੀ ਨਾਲ ਨਿਭਾਇਆ ਗਿਆ ਅਤੇ ਇਸ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਲਈ ਵਡਮੁੱਲਾ ਯੋਗਦਾਨ ਪਾਇਆ ਗਿਆ ਇਸ ਪ੍ਰੋਜੈਕਟ ਦੇ ਚੈਅਰਮੈਨ ਕੁਲਦੀਪ ਸਿੰਘ ਭੱਠੇ ਵਾਲਿਆ ਵੱਲੋਂ ਪਾਏ ਗਏ ਵਿਸ਼ੇਸ਼ ਯੋਗਦਾਨ ਲਈ ਕਲੱਬ ਵੱਲੋਂ ਪਿਛਲੀ ਮੀਟਿੰਗ ਵਿੱਚ ਵਿਸ਼ੇਸ਼ ਸਨਮਾਨ ਕੀਤਾ ਗਿਆ ਸੀ।

ਉਨ੍ਹਾਂ ਦੱਸਿਆ ਕਿ ਮੁਕੰਮਲ ਹੋਣ ਉਪਰੰਤ ਇਹ ਸ਼ੈਡ ਸਵਾਰੀਆਂ ਦੀ ਸਹੂਲਤ ਲਈ ਉਹਨਾਂ ਦੇ ਬੈਠਣ ਲਈ ਲੋਕ ਅਰਪਣ ਕੀਤੀ ਗਈ ਹੈ। ਇਸ ਮੌਕੇ ਉਪਰੋਕਤ ਤੋਂ ਬਿਨਾਂ ਕਲੱਬ ਸੈਕਰਟੀ ਲਾਈਨ ਸੰਜੇ ਮਹਾਜਨ , ਕਲੱਬ ਦੇ ਕੈਸ਼ੀਅਰ ਲਾਇਨ ਸੁਖਵਿੰਦਰ ਸਿੰਘ ਬਿੱਟੂ, ਲਾਇਨ ਭੁਪਿੰਦਰ ਪਾਲ ਸਿੰਘ ਤਲਵਾੜ, ਲਾਇਨ ਦਵਿੰਦਰ ਕੌਸ਼ਲ, ਲਾਇਨ ਅਰਸਵਿੰਦਰ ਸਿੰਘ ਛੱਬਲੀ, ਲਾਇਨ ਤਜਿੰਦਰ ਸਿੰਘ ਚੰਨ, ਲਾਇਨ ਮਹੇਸ਼ ਕੁਮਾਰ, ਲਾਇਨ ਕਮਲ ਵਰਮਾ, ਲਾਇਨ ਰਾਜਨ ਗਾਬਾ, ਲਾਇਨ ਹਰਚਰਨ ਸਿੰਘ ਬੇਦੀ, ਲਾਇਨ ਅਮਰਿੰਦਰ ਸਿੰਘ ਚੀਮਾ ਸਮੇਤ ਕਲੱਬ ਮੈਂਬਰ ਹਾਜ਼ਰ ਸਨ।

ਢਕੋਲੀ ਪੁਲਿਸ ਨੇ ਖੋਹ ਦੀ ਵਾਰਦਾਤ 'ਚ ਸ਼ਾਮਲ 2 ਨਬਾਲਿਕਾ ਸਣੇ 4 ਸਨੈਚਰਾਂ ਨੂੰ ਕੀਤਾ ਕਾਬੂ

ਜ਼ੀਰਕਪੁਰ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਐਸਐਸਪੀ ਮੋਹਾਲੀ ਦੀਪਕ ਪਾਰਿਕ ਦੇ ਹੁਕਮਾਂ ਹੇਠ ਢਕੋਲੀ ਪੁਲਿਸ ਨੇ ਲੁੱਟਖੋਹ ਦੀਆਂ ਤਾਜ਼ਾ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਗਿਰੋਹ ਦਾ ਪਰਦਾਫਾਸ਼ ਕਰਦਿਆਂ 2 ਨਬਾਲਿਕਾ ਸਣੇ 4 ਸਨੈਚਰਾਂ ਨੂੰ ਗਿ ?ਫ਼ਤਾਰ ਕਰਕੇ ਉਨ੍ਹਾਂ ਕੋਲੋਂ ਇਕ ਮੋਟਰਸਾਈਕਲ ਅਤੇ ਲੁੱਟ ਕੀਤਾ ਗਿਆ ਮੋਬਾਇਕ ਫੋਨ ਬਰਾਮਦ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀਐਸਪੀ ਸਬ ਡਵੀਜਨ ਜ਼ੀਰਕਪੁਰ ਜਸਪਿੰਦਰ ਸਿੰਘ ਨੇ ਦੱਸਿਆ ਕਿ 12 ਸਤੰਬਰ ਨੂੰ ਥਾਣਾ ਢਕੋਲੀ ਖੇਤਰ ਵਿੱਚ ਪੈਂਦੇ ਟੀ ਪੁਆਇੰਟ ਡੀ.ਪੀ.ਐਸ ਸਕੂਲ ਦੇ ਨੇੜੇ ਤੋਂ ਰਾਹੁਲ ਨਰਵਾਲ ਕੋਲੋਂ ਦੋ ਮੋਟਰਸਾਇਲਾ ਤੇ ਸਵਾਰ ਹੋਨ 4 ਅਣਪਛਾਤੇ ਸਨੈਚਰਾ ਵੱਲੋ ਇਕ ਮੋਬਾਇਲ ਫੋਨ ਸਨੈਚਿੰਗ ਕੀਤਾ ਗਿਆ ਸੀ। ਜਿਸਤੇ ਰਾਹੁਲ ਨਰਵਾਲ ਦੇ ਬਿਆਨ ਤੇ 4 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਸੀ। ਐਸ.ਐਸ.ਪੀ ਮੋਹਾਲੀ ਦੇ ਦਿਸ਼ਾ ਨਿਰਦੇਸ਼ਾ ਅਤੇ ਉਨ੍ਹਾਂ ਦੀਆਂ ਹਦਾਇਤਾ ਅਨੁਸਾਰ ਜ਼ੀਰਕਪੁਰ ਖੇਤਰ ਵਿੱਚ ਅਪਰਾਧ ਤੇ ਠੱਲ ਪਾਉਣ ਲਈ ਚੱਲਾਈ ਜਾ ਰਹੀ ਮੁਹੀਮ ਤਹਿਤ ਥਾਣਾ ਢਕੋਲੀ ਨੂੰ ਸ਼ਫਲਤਾ ਹਾਸਿਲ ਹੋਈ ਹੈ। ਤਫਤੀਸ਼ ਦੌਰਾਨ ਢਕੋਲੀ ਪੁਲਿਸ ਵੱਲੋ 4 ਅਣਪਛਾਤੇ ਸਨੈਚਰਾਂ ਦੀ ਪਛਾਣ ਕੀਤੀ ਗਈ। ਜਿਹਨਾ ਵਿਚੋ ਦੋ ਦੋਸ਼ੀ ਵਿਕਾਸ ਨੋਸ਼ਾਦ ਪੁੱਤਰ ਪ੍ਰਕਾਸ਼ ਨੌਸ਼ਾਦ ਵਾਸੀ ਅਸ਼ੀਰਵਾਦ ਸੁਸਾਇਟੀ ਨੇੜੇ ਸਰਕਾਰੀ ਸਕੂਲ ਬਿਸ਼ਨਪੁਰਾ ਜ਼ੀਰਕਪੁਰ ਅਤੇ ਦਵਿੰਦਰ ਸ਼ਾਹੂ ਉਫਰ ਦੇਵ ਪੁੱਤਰ ਅਜੇ ਸ਼ਾਹੂ ਵਾਸੀ ਦਸਮੇਸ਼ ਨਗਰ ਬਿਸ਼ਨਪੁਰਾ, ਜ਼ੀਰਕਪੁਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਇਹਨਾ ਵਿਚੋ 02 ਦੋਸ਼ੀ ਨਬਾਲਿਕ ਹਨ। ਤਫਤੀਸ਼ ਦੌਰਾਨ ਮੁਲਜਮਾਂ ਕੋਲੋ ਸਨੈਚ ਕੀਤਾ ਫੋ

ਭਾਰਤ ਵਿਚ ਡਿਜੀਟਲ ਲੈਣ-ਦੇਣ ਸਹੂਲਤਾਂ ਤੇ ਸਮੱਸਿਆਵਾਂ

ਲੱਖ ਮਿਲੇਗਾ। ਇਸ ਵਿਚ ਇਕ ਲੱਖ ਦਾ ਚੂਨਾ ਲੱਗਦਾ ਹੈ ਤੇ ਉਸ ਤੋਂ ਬਾਅਦ ਜੇ ਕੋਈ ਚਾਲ ਨਹੀਂ ਸਮਝਦਾ ਤਾਂ ਉਸ ਨੂੰ ਪੰਜ ਲੱਖ ਦਾ ਚੂਨਾ ਤੈਅ ਹੈ। ਹਾਲ ਹੀ 'ਚ ਕੇਰਲ 'ਚ ਦੁਕਾਨਦਾਰਾਂ ਨੂੰ ਨਵੀਂ ਸਮੱਸਿਆ ਦਾ ਸਾਹਮਣਾ ਕਰਨਾ ਪਿਆ। ਗਾਹਕ ਦੁਕਾਨ 'ਤੇ ਆਇਆ, ਸਾਮਾਨ ਖ਼ਰੀਦਿਆ ਅਤੇ ਯੂਪੀਆਈ ਯਾਨੀ ਪੇਟੀਐੱਮ ਜਾਂ ਗੂਗਲ ਪੇਅ ਜਾਂ ਕੋਈ ਹੋਰ ਇਸ ਤਰ੍ਹਾਂ ਦੇ ਮਾਧਿਅਮ ਤੋਂ ਪੇਮੈਂਟ ਕਰ ਦਿੱਤੀ। ਉਸ ਵਿਚ ਦੁਕਾਨਦਾਰ ਦਾ ਬੈਂਕ ਖਾਤਾ ਫਰੀਜ਼ ਕਰ ਦਿੱਤਾ ਜਾਂਦਾ ਹੈ। ਜਦੋਂ ਦੁਕਾਨਦਾਰ ਬੈਂਕ ਜਾ ਕੇ ਪਤਾ ਕਰਦਾ ਹੈ ਤਾਂ ਜਵਾਬ ਮਿਲਦਾ ਹੈ, ਸਾਈਬਰ ਸੈੱਲ ਵੱਲੋਂ ਆਦੇਸ਼ ਆਏ ਸਨ।

ਦੁਕਾਨਦਾਰ ਕੇਰਲ ਸਾਈਬਰ ਸੈੱਲ ਵਿਚ ਪਹੁੰਚਦਾ ਹੈ ਤਾਂ ਪਤਾ ਲੱਗਦਾ ਹੈ ਕਿ ਇਹ ਖਾਤਾ ਗੁਜਰਾਤ ਸਾਈਬਰ ਸੈੱਲ ਨੇ ਬੰਦ ਕਰਵਾਇਆ ਹੈ। ਗੁਜਰਾਤ ਸੈੱਲ ਤੋਂ ਪਤਾ ਲੱਗਦਾ ਹੈ ਜਿਸ ਖਾਤੇ ਵਿੱਚੋਂ ਦੁਕਾਨਦਾਰ ਨੂੰ ਪੇਮੈਂਟ ਆਈ ਹੈ, ਉਸ ਦੀਆਂ ਗਤੀਵਿਧੀਆਂ ਠੀਕ ਨਹੀਂ ਹਨ। ਇਸ ਤਰ੍ਹਾਂ ਦੇ ਇੱਕਾ-ਦੁੱਕਾ ਕੇਸ ਨਹੀਂ ਬਲਕਿ 300 ਤੋਂ ਵੱਧ ਕੇਸ ਚਰਚਾ ਵਿਚ ਹਨ। ਅਸੀਂ ਡਿਜੀਟਲ ਇੰਡੀਆ ਦਾ ਕੰਮ 8 ਸਾਲ ਪਹਿਲਾਂ ਸ਼ੁਰੂ ਕੀਤਾ ਸੀ ਪਰ ਕਾਨੂੰਨ 2000 ਵਾਲਾ ਆਈਟੀ ਐਕਟ ਹੀ ਹੈ ਜਿਸ ਵਿਚ ਵੱਡੇ ਪੱਧਰ 'ਤੇ ਬਦਲਾਅ ਦੀ ਜ਼ਰੂਰਤ ਸੀ। ਇਸ ਵਾਰ ਮੌਨਸੂਨ ਇਜਲਾਸ ਵਿਚ ਡਿਜੀਟਲ ਪਰਸਨਲ ਡਾਟਾ ਬਿੱਲ 2023 ਪਾਸ ਕੀਤਾ ਗਿਆ ਹੈ। ਹਾਲਾਂਕਿ ਛੋਟੇ-ਮੋਟੇ ਸੁਧਾਰ ਆਰਬੀਆਈ ਕਰਦੀ ਹੈ ਜਿਵੇਂ ਕਿ ਓਟੀਪੀ ਲਾਉਣੇ, ਦੋ ਫੈਕਟਰ ਪ੍ਰਮਾਣਿਕਤਾ ਲਗਉਣੀ ਆਦਿ ਹਨ ਖ਼ਾਸ ਕਰਕੇ ਈ-ਕਾਮਰਸ ਲਈ। ਇਸ ਵੇਲੇ ਬਹੁਤੇ ਸਾਈਬਰ ਕ੍ਰਾਈਮ ਸੈੱਲ ਵਾਲਿਆਂ ਨੂੰ ਵੀ ਸਿਖਲਾਈ ਦੀ ਵੱਡੇ ਪੱਧਰ 'ਤੇ ਲੋੜ ਹੈ ਕਿਉਂਕਿ ਇਸ ਵੇਲੇ ਉਹ ਪ੍ਰਾਈਵੇਟ ਏਜੰਸੀਆਂ ਦੀ ਮਦਦ ਨਾਲ ਚੱਲਦੇ ਹਨ। ਇਕ ਖੋਜ ਸੈੱਲ ਹੋਵੇ ਜੋ ਇਨ੍ਹਾਂ ਨਵੀਆਂ ਠੱਗੀਆਂ ਦੇ ਤਰੀਕੇ ਨੂੰ ਸਟੱਡੀ ਕਰ ਕੇ ਬੰਦ ਕਰੇ ਤਾਂ ਜੋ ਲੋਕਾਂ ਨਾਲ ਠੱਗੀ ਨਾ ਹੋਵੇ। ਇਹ ਸੈੱਲ ਡਿਜੀਟਲ ਲਿਟਰੇਸੀ ਦੇ ਪ੍ਰੋਗਰਾਮ ਤਹਿਤ ਲੋਕਾਂ ਨੂੰ ਵਰਤੋਂ ਸਿਖਾਉਣ ਦੇ ਨਾਲ-ਨਾਲ ਜੋ ਨਵੇਂ ਢੰਗ-ਤਰੀਕੇ ਠੱਗੀ ਦੇ ਆਉਂਦੇ ਹਨ, ਉਨ੍ਹਾਂ ਤੋਂ ਵੀ ਜਾਣੂ ਕਰਵਾਇਆ ਜਾਵੇ। ਕਾਨੂੰਨ ਬਣਾ ਕੇ ਸਖ਼ਤ ਸਜ਼ਾ ਹੋਵੇ ਅਤੇ ਜੋ ਲੋਕਾਂ ਨਾਲ ਠੱਗੀ ਵੱਜਦੀ ਹੈ, ਉਹ ਤੁਰੰਤ ਪਤਾ ਲਗਾਵੇ ਅਤੇ ਪੈਸੇ ਮੁੜਨ।

-ਮੋਬਾਈਲ : 96537-90000

ਵੀਅਤਨਾਮ ਕੁਦਰਤੀ ਖ਼ੂਬਸੂਰਤੀ ਨਾਲ ਭਰਪੂਰ ਦੇਸ਼

ਰਿਹਾ ਹੈ। ਇੱਥੇ ਇੱਕ ਰੇਲਵੇ ਲਾਈਨ ਹੈ ਜਿਸ ਦੇ ਕਿਨਾਰੇ 'ਤੇ ਦੁਕਾਨਾਂ ਹਨ। ਇੱਥੇ ਲੋਕ ਆ ਕੇ ਬੀਅਰ ਆਦਿ ਪੀਂਦੇ ਹਨ ਤੇ ਜਦੋਂ ਗੱਡੀ ਲੰਘੇ ਤਾਂ ਟਰੈਕ ਤੋਂ ਪਰੇ ਹੋ ਜਾਂਦੇ ਹਨ। ਗੱਲ ਤਾਂ ਬਸ ਆਨੰਦ ਦੀ ਹੈ।

ਵੀਅਤਨਾਮ ਦੀ ਪੁਰਾਣੀ ਰਾਜਧਾਨੀ ਹੈ ਹੈਲੋਈ। ਹੈਲੋਈ ਦੇ ਪਿਛਲੇ ਪਾਸੇ ਪਹਾੜਾਂ ਵਿੱਚ ਘਿਰੀ ਝੀਲ ਹੈ। ਝੀਲ ਵਿੱਚ ਛੋਟੀਆਂ ਚੱਪੂ ਕਿਸ਼ਤੀਆਂ ਚੱਲ ਰਹੀਆਂ ਸਨ ਤੇ ਪਾਸੇ 'ਤੇ ਝੋਨਾ ਲਾਇਆ ਹੋਇਆ ਸੀ। ਕਿਸ਼ਤੀ 'ਤੇ ਝੋਨਾ ਵੱਢ ਕੇ ਸਾਡੇ ਹਰੰਬੇ ਵਾਂਗ ਝਾੜ ਰਹੇ ਸਨ। ਦੋ ਹਜ਼ਾਰ ਦੇ ਕਰੀਬ ਨਿੱਕੇ ਵੱਡੇ ਟਾਪੂਆਂ ਵਿੱਚ ਘੁੰਮਣ ਦਾ ਆਨੰਦ ਹੀ ਵੱਖਰਾ ਹੈ। ਇੱਕ ਟਾਪੂ ਚਾਚਾ ਹੋ ਨੇ ਮਾਰਸ਼ਲ ਟੀਟੋ ਦੇ ਨਾਂ ਕੀਤਾ ਸੀ, ਜਦੋਂ ਉਹ ਇੱਥੇ ਆਇਆ ਸੀ।

ਅਜੇ ਤਾਂ ਦੇਸ਼ ਨੂੰ ਆਜ਼ਾਦ ਹੋਏ ਪੰਜਾਹ ਸਾਲ ਵੀ ਨਹੀਂ ਹੋਏ, ਪਰ ਇੱਥੇ ਸਾਫ਼ ਸਫ਼ਾਈ ਚੰਗੀ ਹੈ। ਕਿੱਧਰੇ ਕੋਈ ਕਿਸੇ ਤੋਂ ਪੈਸੇ ਮੰਗਦਾ ਨਹੀਂ ਵੇਖਿਆ, ਸਾਰੇ ਕੰਮ ਕਰਕੇ ਕਮਾਉਂਦੇ ਹਨ। ਇੱਥੇ ਆਵਾਜਾਈ ਦਾ ਵੱਡਾ ਸਾਧਨ ਮੋਟਰਸਾਈਕਲ ਜਾਂ ਸਕੂਟਰੀ ਹੈ। ਦੂਜੇ ਪਾਸੇ ਅਮੀਰਾਂ ਨੇ ਮਹਿੰਗੀਆਂ ਗੱਡੀਆਂ ਵੀ ਰੱਖੀਆਂ ਨੇ। ਪੁਲੀਸ ਕਿਧਰੇ ਨਜ਼ਰ ਨਹੀਂ ਆਉਂਦੀ, ਪਰ ਕਿਧਰੇ ਕਿਧਰੇ ਫੌਜੀ ਜ਼ਰੂਰ ਫਿਰਦੇ ਹਨ। ਲੋਕਾਂ ਵਿੱਚ ਸਾਦਗੀ ਤੇ ਨਿਮਰਤਾ ਹੈ। ਕੋਈ ਵੀ ਹੌਰਨ ਨਹੀਂ ਮਾਰਦਾ।

ਵਿਸ਼ਵਾਸ ਨਾਲ ਹੀ ਤੁਸੀਂ ਸਫਲ ਜਾਂ ਅਸਫਲ ਹੋ ਸਕਦੇ ਹੋ

ਜੇ ਤੁਸੀਂ ਆਪਣੇ ਉਤੇ ਵਿਸ਼ਵਾਸ ਕਰਦੇ ਹੋ ਤਾਂ ਤੁਸੀਂ ਵੱਖਰੇ ਢੰਗ ਨਾਲ ਸੋਚਣ ਦੇ ਯੋਗ ਹੋਵੋਗੇ



ਇਹ ਵਿਸ਼ਵਾਸ ਹੀ ਜਿਸ ਨਾਲ ਕੁਝ ਵੀ ਕੀਤਾ ਜਾ ਸਕਦਾ ਹੈ। ਇਹ ਰਚਨਾਤਮਕ ਸਾਧਨਾਂ ਦਾ ਦਰਵਾਜ਼ਾ ਖੋਲ੍ਹਦਾ ਹੈ। ਜੇਕਰ ਤੁਸੀਂ ਸੋਚਦੇ ਹੋ ਕਿ ਇਹ ਕੰਮ ਨਹੀਂ ਹੋ ਸਕਦਾ ਤਾਂ ਤੁਹਾਡਾ ਅਵਚੇਤਨ ਮਨ ਉਸ ਪਾਸੇ ਵੱਲ ਚਲਾ ਜਾਂਦਾ , ਜੋ ਅਸਫਲਤਾ ਵੱਲ ਲੈ ਜਾਂਦਾ ਹੈ। ਜੇਕਰ ਤੁਹਾਨੂੰ ਵਿਸ਼ਵਾਸ ਹੈ ਤਾਂ ਤੁਸੀਂ ਆਪਣੀਆਂ ਨਿੱਜੀ ਸਮੱਸਿਆਵਾਂ ਦਾ ਹੱਲ ਲੱਭ ਸਕਦੇ ਹੋ ਤਾਂ ਹੱਲ ਲਈ ਸਾਧਨ ਵੀ ਆਪਣੇ ਆਪ ਅੱਗੇ ਆ ਜਾਂਦੇ ਹਨ। ਜਦੋਂ ਤੁਸੀਂ ਆਪਣੇ ਉਤੇ ਵਿਸ਼ਵਾਸ ਕਰੋਗੇ ਤੇ ਉਸਾਰੂ ਸੋਚਣਾ ਸ਼ੁਰੂ ਕਰੋਗੇ ਤਾਂ ਟੀਚੇ ਤੱਕ ਪਹੁੰਚਣਾ ਆਸਾਨ ਹੋ ਜਾਵੇਗਾ।

(ਪਾਵਰ ਆਫ਼ ਪਾਜ਼ਟਿਵ ਥਿੰਕਿੰਗ)

ਕੇਵਲ ਕਰਮ ਦੁਆਰਾ ਤੁਸੀਂ ਆਪਣੇ ਡਰ ਨੂੰ ਦੂਰ ਕਰ ਸਕਦੇ ਹੋ



ਡਰ ਲੋਕਾਂ ਨੂੰ ਸਰੀਰਕ ਤੌਰ 'ਤੇ ਬਹੁਤ ਕਮਜ਼ੋਰ ਬਣਾ ਦਿੰਦਾ ਹੈ। ਜਦੋਂ ਤੁਸੀਂ ਬੋਲਣਾ ਚਾਹੁੰਦੇ ਹੋ ਤਾਂ ਡਰ ਤੁਹਾਨੂੰ ਬੋਲਣ ਨਹੀਂ ਦਿੰਦਾ। ਜੇ ਅਸੀਂ ਇਸ ਨੂੰ ਵੇਖੀਏ ਤਾਂ ਕਿਸੇ ਨਾ ਕਿਸੇ ਰੂਪ ਵਿੱਚ ਡਰ ਲੋਕਾਂ ਨੂੰ ਉਹ ਕੁਝ ਪ੍ਰਾਪਤ ਕਰਨ ਤੋਂ ਰੋਕਦਾ ਹੈ ਜੋ ਉਹ ਅਸਲ ਵਿੱਚ ਜੀਵਨ ਵਿੱਚ ਪ੍ਰਾਪਤ ਕਰਨਾ ਚਾਹੁੰਦੇ ਹਨ। ਜਾਣੋ ਡਰ ਦਾ ਅਸਲ ਕਾਰਨ ਕੀ ਹੈ। ਦੇਖੋ ਕਿ ਤੁਸੀਂ ਕਿਸ ਤੋਂ ਡਰਦੇ ਹੋ. ਫਿਰ ਇਸ ਡਰ ਨੂੰ ਕਰਮ ਨਾਲ ਦੂਰ ਕਰੋ।

(ਕਰੇਏਜ ਐਂਡ ਕਾਨਫੀਡੈਂਟ)

ਅਸੀਂ ਉਦੋਂ ਹੀ ਅੱਗੇ ਵਧਾਂਗੇ ਜਦੋਂ ਤਬਦੀਲੀ ਨੂੰ ਸਵੀਕਾਰ ਕਰਾਂਗੇ



ਜ਼ਿਆਦਾਤਰ ਲੋਕ ਚਾਹੁੰਦੇ ਹਨ ਕਿ ਜੀਵਨ ਸਥਿਰ ਅਤੇ ਆਰਾਮਦਾਇਕ ਹੋਵੇ। ਪਰ ਜ਼ਿੰਦਗੀ ਇਸ ਤਰ੍ਹਾਂ ਕੰਮ ਨਹੀਂ ਕਰਦੀ। ਹਾਲਾਤ ਉਤੇ ਵਾਰ-ਵਾਰ ਤਬਦੀਲੀਆਂ ਦਾ ਅਸਰ ਪੈਂਦਾ ਹੈ। ਸੂਝਵਾਨ ਲੋਕ ਤਬਦੀਲੀ ਨੂੰ ਮੌਕੇ ਵਜੋਂ ਦੇਖਦੇ ਹਨ। ਤਬਦੀਲੀਆਂ ਤੋਂ ਲਾਭ ਉਠਾਓ। ਇੱਕ ਨਵੇਂ ਮੌਕੇ ਵਜੋਂ ਤਬਦੀਲੀ ਦਾ ਸੁਆਗਤ ਕਰੋ। ਜੇਕਰ ਤੁਸੀਂ ਤਬਦੀਲੀ ਨੂੰ ਸਵੀਕਾਰ ਨਹੀਂ ਕਰਦੇ , ਤਾਂ ਤੁਸੀਂ ਉੱਥੇ ਹੀ ਰਹੋਗੇ ਜਿੱਥੇ ਤੁਸੀਂ ਹੋ।

(ਡਾਂਟ ਬਿਲੀਵ ਇਨ ਐਵਰੀਥਿੰਕਿੰਗ ਯੂ ਥਿੰਕ)

ਮਨੁੱਖ 'ਚ ਨਜ਼ਰੀਏ ਦੀ ਵਿਸ਼ਾਲਤਾ ਹੋਣੀ ਚਾਹੀਦੀ ਹੈ

ਅਸੀਂ ਨੌਜਵਾਨ ਮੁੰਡੇ-ਕੁੜੀਆਂ ਨੂੰ ਜੀਵਨ ਵਚ ਕਾਮਯਾਬ ਹੋਣ ਜਾਂ ਜਿੱਤਣ ਲਈ ਅਕਸਰ ਪ੍ਰੇਰਿਤ ਤਾਂ ਕਰਦੇ ਰਹਿੰਦੇ ਹਾਂ ਪਰ ਅਸੀਂ ਉਨ੍ਹਾਂ ਨੂੰ ਵਿਸ਼ਾਲ ਦ੍ਰਿਸ਼ਟੀਕੋਣ ਬਾਰੇ ਕੋਈ ਜਾਣਕਾਰੀ ਨਹੀਂ ਦਿੰਦੇ। ਇਸ ਨਾਲ ਜੀਵਨ ਵਿਚ ਕੀ ਸਭ ਤੋਂ ਮਹੱਤਵਪੂਰਨ ਹੈ, ਇਸ ਦੇ ਵਿਸ਼ੇ ਵਿਚ ਉਨ੍ਹਾਂ ਦੀ ਸਮਝ ਅਸੰਤੁਲਿਤ ਜਿਹੀ ਹੋ ਜਾਂਦੀ ਹੈ। ਵਿਸ਼ਾਲ ਦ੍ਰਿਸ਼ਟੀਕੋਣ ਇਹ ਹੈ ਕਿ ਜੀਵਨ ਖ਼ੁਦ ਵਿਚ ਇਕ ਵੱਡੀ ਪ੍ਰੀਖਿਆ ਹੈ। ਇਕ ਵਿਸ਼ਾਲ ਅਧਿਆਤਮਕ ਦ੍ਰਿਸ਼ਟੀਕੋਣ ਨਾਲ ਨੌਜਵਾਨ ਵਰਗ ਬਿਨਾਂ ਆਪਣੀ ਮੁਸਕਾਨ ਤੇ ਉਤਸ਼ਾਹ ਨੂੰ ਗੁਆਏ ਜੀਵਨ ਦੀਆਂ ਕਦਰਾਂ-ਕੀਮਤਾਂ 'ਤੇ ਪਹਿਰਾ ਦੇ ਸਕਦਾ ਹੈ। ਨੌਜਵਾਨਾਂ ਨੂੰ ਖ਼ੁਦ ਤੇ ਸਮਾਜ ਲਈ ਵੱਡੇ ਟੀਚੇ ਅਤੇ ਵਿਸ਼ਾਲ ਦ੍ਰਿਸ਼ਟੀਕੋਣ ਪ੍ਰਤੀ ਵਚਨਬੱਧ ਹੋਣਾ ਚਾਹੀਦਾ ਹੈ ਅਤੇ ਸੇਵਾ ਨੂੰ ਜੀਵਨ ਦਾ ਇਕ ਹਿੱਸਾ ਬਣਾਉਣਾ ਚਾਹੀਦਾ ਹੈ। ਅਜਿਹੀ ਵਚਨਬੱਧਤਾ ਤੁਹਾਨੂੰ ਅੜਿੱਕਿਆਂ ਤੋਂ ਪਾਰ ਲੈ ਕੇ ਜਾ ਸਕਦੀ ਹੈ। ਜਦ ਤੁਹਾਡੇ ਕੋਲ ਵੱਡਾ ਟੀਚਾ ਹੁੰਦਾ ਹੈ ਜਿਸ 'ਤੇ ਤੁਸੀਂ ਕੰਮ ਕਰ ਰਹੇ ਹੁੰਦੇ ਹੋ, ਤਦ ਮਨ ਘਟਨਾਵਾਂ ਵਿਚ ਨਹੀਂ ਫਸਦਾ ਅਤੇ ਤੁਸੀਂ ਪ੍ਰਸੰਨ ਰਹਿੰਦੇ ਹੋ। ਤੁਸੀਂ ਜਿੰਨਾ ਜ਼ਿਆਦਾ ਵਚਨਬੱਧ ਹੁੰਦੇ ਹੋ, ਤੁਹਾਨੂੰ ਕੋਈ ਕੰਮ ਕਰਨ ਲਈ ਜ਼ਿਆਦਾ ਸਮਰੱਥਾ ਪ੍ਰਾਪਤ ਹੁੰਦੀ ਹੈ। ਜਿੰਨਾ ਤੁਸੀਂ ਕਰ ਸਕਦੇ ਹੋ, ਉਸ ਤੋਂ ਥੋੜ੍ਹਾ ਜ਼ਿਆਦਾ ਕਰਨਾ ਹੀ ਵਚਨਬੱਧਤਾ ਹੈ। ਇਹ ਆਪਣੀ ਸਮਰੱਥਾ ਨੂੰ ਵਧਾਉਣਾ ਹੈ। ਤੁਸੀਂ ਇਹ ਨਹੀਂ ਕਹਿੰਦੇ ਹੋ ਕਿ ਮੈਂ ਇਕ ਗਲਾਸ ਪਾਣੀ ਪੀਣ ਲਈ ਵਚਨਬੱਧ ਹਾਂ ਜੋ ਤੁਸੀਂ ਉੱਜ ਵੀ ਕਰ ਸਕਦੇ ਹੋ। ਆਪਣੀ ਸਮਰੱਥਾ ਨਾਲੋਂ ਜ਼ਿਆਦਾ ਕੰਮ ਕਰਨ ਦੀ ਸੋਚ ਰੱਖਣਾ ਹੀ ਵਚਨਬੱਧਤਾ ਹੈ। ਆਪਣੇ ਕਠਿਨ ਟੀਚੇ ਨੂੰ ਸਰਲਤਾ ਨਾਲ ਹਾਸਲ ਕਰਨ ਲਈ ਨਿਰੰਤਰ ਤੌਰ 'ਤੇ ਪ੍ਰਭਾਵਸ਼ਾਲੀ ਰੂਹਾਨੀ ਅਭਿਆਸ ਜਿਵੇਂ ਕਿ ਯੋਗ, ਸ਼ਵ ਆਸਨ ਅਭਿਆਸ ਅਤੇ ਧਿਆਨ ਸਹਾਇਤਾ ਕਰਦਾ ਹੈ। ਇਸ ਨਾਲ ਤੁਹਾਨੂੰ ਜ਼ਿਆਦਾ ਊਰਜਾ ਤੇ ਮਨ ਦੀ ਚੰਗੇਰੀ ਅਵਸਥਾ ਹਾਸਲ ਹੁੰਦੀ ਹੈ ਜਿਸ ਨਾਲ ਤੁਸੀਂ ਜੀਵਨ ਦੇ ਮਾਫ਼ਕ ਤੇ ਉਲਟ ਹਾਲਾਤ ਦਾ ਸਾਹਮਣਾ ਕਰ ਸਕਦੇ ਹੋ। ਅੰਤ ਵਿਚ ਸਮਝ ਲਓ ਕਿ ਚਿੰਤਾ ਕਰਨਾ ਵਿਅਰਥ ਹੈ। ਚਿੰਤਾ ਦਾ ਅਰਥ ਹੈ ਕਿ ਤੁਸੀਂ ਆਪਣੀ ਸਮਰੱਥਾ ਬਾਰੇ ਚੰਗੀ ਤਰ੍ਹਾਂ ਨਹੀਂ ਜਾਣਦੇ ਹੋ। ਇਸੇ ਕਾਰਨ ਤੁਹਾਡੇ ਆਤਮ-ਵਿਸ਼ਵਾਸ ਵਿਚ ਕਮੀ ਆਉਂਦੀ ਹੈ ਜੋ ਕਾਫ਼ੀ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਹੈ। ਤੁਹਾਨੂੰ ਇਹ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਮੈਂ ਜਿਸ ਚੁਣੌਤੀ ਦਾ ਸਾਹਮਣਾ ਕਰ ਰਿਹਾ ਹਾਂ, ਮੈਂ ਉਸ ਤੋਂ ਕਿਤੇ ਜ਼ਿਆਦਾ ਸਮਰੱਥ ਹਾਂ।

-ਸ੍ਰੀਸ੍ਰੀ ਰਵੀਸ਼ੰਕਰ।

ਤਕਨਾਲੋਜੀ, ਚੇਤਨਤਾ ਅਤੇ ਜਮਾਤੀ ਸੰਘਰਸ਼

ਹੋਰ ਵਧਾ ਦਿੱਤਾ ਹੈ। ਸਰਕਾਰੀ ਖ਼ਰਚੇ ਪੂਰੇ ਕਰਨ ਵਾਸਤੇ ਆਮ ਲੋਕਾਂ 'ਤੇ ਟੈਕਸ ਦਾ ਭਾਰ ਵਧਾਇਆ ਗਿਆ ਹੈ। ਕਾਰਪੋਰੇਟ ਘਰਾਣਿਆਂ ਵੱਲੋਂ ਪੈਦਾ ਕੀਤੀਆਂ ਵਸਤਾਂ ਦੇ ਭਾਅ ਵੀ ਲਗਾਤਾਰ ਵਧਾਏ ਗਏ ਹਨ। ਕਿਸਾਨਾਂ ਦੀਆਂ ਜਿਣਸਾਂ ਦੇ ਵਾਜਬ ਭਾਅ ਨਹੀਂ ਦਿੱਤੇ ਗਏ ਅਤੇ ਕਿਰਤੀਆਂ ਦੀਆਂ ਉਜਰਤਾਂ ਵਿੱਚ ਵੀ ਲੋੜੀਂਦੇ ਵਾਧੇ ਨਹੀਂ ਕੀਤੇ ਗਏ। ਨੋਬੇਲ ਇਨਾਮ ਜੇਤੂ ਭਾਰਤੀ ਮੂਲ ਦੇ ਅਰਥ ਵਿਗਿਆਨੀ ਅਭਿਜੀਤ ਬੈਨਰਜੀ ਦਾ ਖ਼ਿਆਲ ਹੈ ਕਿ ਇਸ ਵਧ ਰਹੀ ਆਰਥਿਕ ਨਾਬਰਾਬਰੀ ਖਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕਰਨ ਦੀ ਲੋੜ ਹੈ। ਇਹ ਆਵਾਜ਼ ਚਿੰਤਾ ਤਾਂ ਜ਼ਾਹਰ ਕਰਦੀ ਹੈ, ਪਰ ਦੇਸ਼ਾਂ ਵਿੱਚ ਇੱਕ ਜ਼ੋਰਦਾਰ ਏਜੰਡਾ ਨਹੀਂ ਬਣ ਰਹੀ। ਕਾਰਪੋਰੇਟ ਵਿਕਾਸ ਮਾਡਲ ਨੇ ਵਾਤਾਵਰਣ ਨੂੰ ਖ਼ਤਰਨਾਕ ਹੱਦ ਤੱਕ ਖ਼ਰਾਬ ਕਰ ਦਿੱਤਾ ਹੈ। ਹਵਾ, ਪਾਣੀ ਅਤੇ ਧਰਤੀ ਨੂੰ ਜ਼ਹਿਰੀਲਾ ਕਰ ਦਿੱਤਾ ਹੈ। ਹਵਾ ਵਿੱਚ ਕਾਰਬਨ ਦੀ ਮਾਤਰਾ ਵਿੱਚ ਇਜ਼ਾਫ਼ਾ ਹੋਣ ਨਾਲ ਤਾਪਮਾਨ ਇੱਕ ਡਿਗਰੀ ਵਧ ਗਿਆ ਹੈ ਅਤੇ ਜਲਵਾਯੂ ਪਰਿਵਰਤਨ ਦੇਸ਼ਾਂ ਵਿੱਚ ਬੇਮੌਸਮੀਆਂ ਬਰਸਾਤਾਂ ਤੇ ਸੋਕੇ ਦਾ ਕਾਰਨ ਬਣ ਗਿਆ ਹੈ। ਇਸ ਨਾਲ ਲੋਕਾਂ ਅਤੇ ਕਿਸਾਨਾਂ ਦਾ ਸਾਹ ਸੁੱਕ ਰਿਹਾ ਹੈ। ਜਲਵਾਯੂ ਪਰਿਵਰਤਨ ਅਤੇ ਪਰਮਾਣੂ ਜੰਗ ਕਾਰਲ ਮਾਰਕਸ ਅਤੇ ਲੈਨਿਨ ਦੇ ਸਮਿਆਂ ਵਿੱਚ ਮੁੱਖ ਮੁੱਦੇ ਵਜੋਂ ਨਹੀਂ ਸਨ ਉੱਭਰੇ। ਆਮ ਲੋਕਾਂ ਵਿੱਚ ਚੇਤਨਾ ਦੀ ਘਾਟ ਹੈ ਅਤੇ ਉਹ ਜਥੇਬੰਦ ਵੀ ਨਹੀਂ ਹੋ ਸਕੇ। ਇਸ ਦੇ ਉਲਟ ਕਾਰਪੋਰੇਟ ਘਰਾਣੇ ਬਹੁਤ ਚੇਤੰਨ ਅਤੇ ਸੰਗਠਿਤ ਹਨ। ਉਨ੍ਹਾਂ ਨੇ ਆਪਣੇ ਦੇਸ਼ਾਂ ਦੀਆਂ ਸਰਕਾਰਾਂ ਅਤੇ ਆਰਥਿਕ ਨੀਤੀਆਂ 'ਤੇ ਕਬਜ਼ਾ ਕੀਤਾ ਹੋਇਆ ਹੈ। ਉਨ੍ਹਾਂ ਨੂੰ ਮਿਹਨਤਕਸ਼ ਲੋਕਾਂ ਤੋਂ ਅਜੇ ਵੀ ਕਈ ਚੁਣੌਤੀ ਨਜ਼ਰ ਨਹੀਂ ਆਉਂਦੀ।

ਚੇਤਨਤਾ ਅਤੇ ਜਮਾਤੀ ਸੰਘਰਸ਼

ਦਰਪੇਸ਼ ਮਸਲਿਆਂ ਅਤੇ ਮਾਮਲਿਆਂ ਬਾਰੇ ਜਾਣਕਾਰੀ ਤੇ ਸਮਝ ਜਮਾਤਾਂ/ਵਰਗਾਂ ਨੂੰ ਆਪਣੇ ਮਸਲੇ ਸੁਲਝਾਉਣ ਵਾਸਤੇ ਜਥੇਬੰਦ ਹੋ ਕੇ ਸੰਘਰਸ਼ ਦੇ ਰਾਹ ਵੱਲ ਤੋਰਦੀ ਹੈ। ਚੇਤਨਤਾ ਦਰਪੇਸ਼ ਸਮੱਸਿਆਵਾਂ ਬਾਰੇ ਜਾਣਕਾਰੀ ਇਕੱਤਰ ਕਰਨ, ਇਸ ਦਾ ਵਿਸ਼ਲੇਸ਼ਣ ਕਰਨ ਅਤੇ ਉਨ੍ਹਾਂ ਦੇ ਹੱਲ ਬਾਰੇ ਸਮਝ ਨਾਲ ਸਬੰਧ ਰੱਖਦੀ ਹੈ। ਇਸ ਸਮਝ ਨੂੰ ਪ੍ਰਪੱਕ ਕਰਨ ਵਾਸਤੇ ਹਾਲਤਾਂ ਦੇ ਅਧਿਐਨ ਨੂੰ ਆਮ ਸੁਭ ਦਾ ਹਿੱਸਾ ਬਣਾਇਆ ਜਾਂਦਾ ਹੈ। ਅਜੋਕੇ ਸਮੇਂ ਵਿੱਚ ਕਾਰਪੋਰੇਟ ਜਗਤ ਆਪਣੇ ਕਾਰੋਬਾਰ ਅਤੇ ਮੁਨਾਫ਼ੇ ਵਧਾਉਣ ਲਈ ਚੇਤੰਨ ਅਤੇ ਸਰਗਰਮ ਹੈ। ਉਹ ਆਪਣੀ ਸੁਭ ਨੂੰ ਵਰਤਦਿਆਂ ਦੇਸ਼ਾਂ ਵਿੱਚ ਆਮ ਪ੍ਰਵਾਨਗੀ ਅਤੇ ਸਹਿਮਤੀ ਬਣਾਈ ਰੱਖਣ ਵਿੱਚ ਸਫ਼ਲ ਨਜ਼ਰ ਆਉਂਦਾ ਹੈ, ਪਰ ਇਹ ਵਾਤਾਵਰਨ ਅਤੇ ਪਰਮਾਣੂ ਜੰਗ ਬਾਰੇ ਚੇਤੰਨ ਨਹੀਂ ਹੈ। ਇਸ ਦਾ ਸਰਕਾਰਾਂ ਉਪਰ ਰਾਜ ਕਰਨ ਵਾਲੀਆਂ ਪਾਰਟੀਆਂ ਰਾਹੀਂ ਕਬਜ਼ਾ ਵੀ ਹੋ ਗਿਆ ਹੈ। ਕਾਰਪੋਰੇਟ ਖੇਤਰ ਦੇਸ਼ਾਂ ਦੀਆਂ ਆਰਥਿਕ ਨੀਤੀਆਂ ਆਪਣੇ ਹਿੱਤ ਵਿੱਚ ਕਰਨ ਵਿੱਚ ਕਾਮਯਾਬ ਹੋ ਗਿਆ ਹੈ। ਇਸ ਨੇ ਦੂਰ ਸੰਚਾਰ ਦੇ ਸਾਧਨਾਂ ਜਿਵੇਂ ਅਖ਼ਬਾਰ, ਟੀਵੀ ਚੈਨਲ ਅਤੇ ਇੰਟਰਨੈੱਟ 'ਤੇ ਕਬਜ਼ਾ ਜਮਾ ਲਿਆ ਹੈ। ਇਸ ਤੋਂ ਇਲਾਵਾ ਹਾਕਮ ਪਾਰਟੀਆਂ ਵੱਲੋਂ ਆਈਟੀ ਸੈੱਲ ਬਣਾ ਕੇ ਕਾਰਪੋਰੇਟ ਜਗਤ ਅਤੇ

ਹਰਿਆਣਾ ਦੇ ਨੌਜਵਾਨ 'ਡੰਕੀ' ਕਿਉਂ ਬਣੇ: ਰਾਹੁਲ ਦਾ ਭਾਜਪਾ 'ਤੇ ਨਿਸ਼ਾਨਾ

'ਬੇਰੁਜ਼ਗਾਰੀ' ਕਾਰਨ ਵਿਦੇਸ਼ ਗਏ ਹਰਿਆਣਾ ਦੇ ਨੌਜਵਾਨਾਂ ਨਾਲ ਅਮਰੀਕਾ ਵਿੱਚ ਮੁਲਾਕਾਤ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਕੀਤੀ ਸ਼ੇਅਰ

ਨਵੀਂ ਦਿੱਲੀ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਦੇ ਸੀਨੀਅਰ ਆਗੂ ਅਤੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਹਰਿਆਣਾ ਵਿਚ ਬੇਰੁਜ਼ਗਾਰੀ ਦੇ ਮੁੱਦੇ ਉਤੇ ਮੰਗਲਵਾਰ ਨੂੰ ਭਾਜਪਾ ਉਤੇ ਨਿਸ਼ਾਨਾ ਸੇਧਦਿਆਂ ਸਵਾਲ ਕੀਤਾ ਕਿ ਆਖ਼ਰ ਸੂਬੇ ਦੇ ਨੌਜਵਾਨ 'ਡੰਕੀ' ਬਣਨ ਲਈ ਕਿਉਂ ਮਜਬੂਰ ਹਨ? ਉਨ੍ਹਾਂ ਕਿਹਾ ਕਿ ਹਰਿਆਣਾ ਵਿਚ ਕਾਂਗਰਸ ਸਰਕਾਰ ਬਣਨ ਉਤੇ ਅਜਿਹਾ ਢਾਂਚਾ ਬਣਾਇਆ ਜਾਵੇਗਾ ਕਿ ਨੌਜਵਾਨਾਂ ਨੂੰ ਆਪਣੇ ਸੁਪਨੇ ਸਾਕਾਰ ਕਰਨ ਲਈ ਆਪਣਿਆਂ ਤੋਂ ਦੂਰ ਨਾ ਜਾਣਾ ਪਵੇ।

ਉਨ੍ਹਾਂ ਕਿਹਾ ਕਿ ਭਾਜਪਾ ਨੇ ਨੌਜਵਾਨਾਂ ਤੋਂ ਰੁਜ਼ਗਾਰ ਦੇ ਮੌਕੇ ਖੋਹ ਕੇ ਸਾਰੇ ਦੇਸ਼ ਦੇ ਨੌਜਵਾਨਾਂ ਨਾਲ ਹੀ 'ਭਾਰੀ ਨਾਇਨਸਾਫ਼ੀ' ਕੀਤੀ ਹੈ, ਜਿਸ ਕਾਰਨ ਉਨ੍ਹਾਂ ਨੂੰ ਆਪਣੀ ਜਾਨ ਜੋਖਮ ਵਿਚ ਪਾ ਕੇ ਵਿਦੇਸ਼ਾਂ ਦੇ 'ਮੁਸੀਬਤਾਂ ਭਰੇ ਸਫ਼ਰ' ਉਤੇ ਨਿਕਲਣਾ ਪੈਂਦਾ ਹੈ। ਉਨ੍ਹਾਂ ਇਹ ਟਿੱਪਣੀਆਂ ਹਰਿਆਣਾ ਦੇ ਕੁਝ ਨੌਜਵਾਨਾਂ ਨਾਲ ਅਮਰੀਕਾ ਵਿਚ ਕੀਤੀ ਮੁਲਾਕਾਤ ਦੀ ਅੱਜ ਸੋਸ਼ਲ ਮੀਡੀਆ ਪਲੈਟਫਾਰਮ 'ਐਕਸ' ਉਤੇ ਵੀਡੀਓ ਸ਼ੇਅਰ ਕਰਦਿਆਂ ਕੀਤੀਆਂ ਹਨ।

ਇਨ੍ਹਾਂ ਨੌਜਵਾਨਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਭਾਰਤ-ਹਰਿਆਣਾ ਵਿਚ ਬੇਰੁਜ਼ਗਾਰੀ ਕਾਰਨ ਅਮਰੀਕਾ ਜਾਣ ਲਈ ਮਜਬੂਰ ਹੋਣਾ ਪਿਆ ਅਤੇ ਇਸ ਦੌਰਾਨ ਉਨ੍ਹਾਂ ਨੂੰ ਇਸ ਵਿਦੇਸ਼ੀ ਧਰਤੀ ਉਤੇ ਭਾਰੀ ਮੁਸ਼ਕਲਾਂ ਵੀ ਝੱਲਣੀਆਂ ਪਈਆਂ।

'ਐੱਨਆਰਆਈ ਕੋਟੇ' ਬਾਰੇ ਪੰਜਾਬ ਦੀ ਅਪੀਲ ਸੁਪਰੀਮ ਕੋਰਟ ਵੱਲੋਂ ਰੱਦ

ਨਵੀਂ ਦਿੱਲੀ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਨੂੰ ਝਟਕਾ ਦਿੰਦਿਆਂ ਸੁਪਰੀਮ ਕੋਰਟ ਨੇ ਸੂਬੇ ਦੇ ਮੈਡੀਕਲ ਕਾਲਜਾਂ ਵਿਚ ਐੱਮਬੀਬੀਐੱਸ ਅਤੇ ਬੀਡੀਐੱਸ ਕੋਰਸਾਂ 'ਚ ਦਾਖ਼ਲਿਆਂ ਲਈ 'ਐੱਨਆਰਆਈ ਕੋਟੇ' ਦੀ ਪ੍ਰੀਭਾਸ਼ਾ ਬਦਲਣ ਦੀ ਕਾਰਵਾਈ ਨੂੰ ਰੱਦ ਕਰਨ ਦੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਫ਼ੈਸਲੇ ਖ਼ਿਲਾਫ਼ ਪੰਜਾਬ ਸਰਕਾਰ ਵੱਲੋਂ ਦਾਇਰ ਅਪੀਲ ਨੂੰ ਮੰਗਲਵਾਰ ਨੂੰ ਖ਼ਾਰਜ ਕਰ ਦਿੱਤਾ ਹੈ।

ਸਿਖਰਲੀ ਅਦਾਲਤ ਨੇ ਇਸ ਨੂੰ 'ਪੂਰੀ ਤਰ੍ਹਾਂ ਧੋਖਾਧੜੀ' ਅਤੇ 'ਪੈਸੇ ਕਮਾਉਣ ਦਾ ਜ਼ਰੀਆ' ਕਰਾਰ ਦਿੱਤਾ ਹੈ।

ਭਾਜਪਾ ਨੇ ਮੈਨੂੰ 'ਚੋਰ' ਦਿਖਾਉਣ ਲਈ ਜੇਲ੍ਹ ਭੇਜਿਆ, ਪਰ ਸਭ ਨੂੰ ਪਤਾ ਕਿ ਮੈਂ ਭ੍ਰਿਸ਼ਟ ਨਹੀਂ: ਕੇਜਰੀਵਾਲ

ਚੰਡੀਗੜ੍ਹ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਮੰਗਲਵਾਰ ਨੂੰ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਉਤੇ ਜ਼ੋਰਦਾਰ ਹਮਲਾ ਬੋਲਦਿਆਂ ਦੋਸ਼ ਲਾਇਆ ਕਿ ਉਨ੍ਹਾਂ ਨੂੰ ਇਸ ਕਾਰਨ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜਿਆ ਗਿਆ ਸੀ ਕਿਉਂਕਿ ਹਾਕਮ ਪਾਰਟੀ ਉਨ੍ਹਾਂ ਨੂੰ 'ਚੋਰ' ਵਜੋਂ ਪੇਸ਼ ਕਰਨਾ ਚਾਹੁੰਦੀ ਸੀ, ਜਦੋਂਕਿ ਹਕੀਕਤ ਵਿਚ ਉਨ੍ਹਾਂ ਦੇ 'ਕੱਟੜ ਤੋਂ ਕੱਟੜ' ਦੁਸ਼ਮਣ ਨੂੰ ਵੀ ਪਤਾ ਹੈ ਕਿ ਉਹ ਭ੍ਰਿਸ਼ਟ ਨਹੀਂ ਹਨ। ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਹਰਿਆਣਾ ਦੇ ਸਿਰਸਾ ਜ਼ਿਲ੍ਹੇ ਦੇ ਰਾਣੀਆ ਹਲਕੇ ਵਿਚ ਪਾਰਟੀ ਉਮੀਦਵਾਰ ਹਰਪਿੰਦਰ ਸਿੰਘ ਦੇ ਹੱਕ ਵਿਚ ਰੋਡ ਸ਼ੋਅ ਕੀਤਾ। ਹਰਿਆਣਾ ਵਿਧਾਨ ਸਭਾ ਦੀ ਚੋਣ ਲਈ 5 ਅਕਤੂਬਰ ਨੂੰ ਵੋਟਾਂ ਪੈਣੀਆਂ ਹਨ।

ਰੋਡ ਸ਼ੋਅ ਦੌਰਾਨ ਲੋਕਾਂ ਨੂੰ ਸੰਬੋਧਨ ਕਰਦਿਆਂ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਨੂੰ ਬਿਨਾਂ ਕਿਸੇ ਕਾਰਨ ਸਾਢੇ ਪੰਜ ਮਹੀਨੇ ਜੇਲ੍ਹ ਵਿਚ ਕੱਟਣੇ ਪਏ। ਉਨ੍ਹਾਂ ਸਵਾਲ ਕੀਤਾ, "ਮੇਰਾ ਕਸੂਰ ਕੀ ਸੀ? ਮੇਰਾ ਕਸੂਰ ਸੀ 10 ਸਾਲਾਂ ਤੱਕ ਦਿੱਲੀ ਦਾ ਮੁੱਖ ਮੰਤਰੀ ਰਹਿਣਾ, ਜਿਥੇ ਮੈਂ ਗ਼ਰੀਬਾਂ ਦੇ ਬੱਚਿਆਂ ਲਈ ਵਧੀਆ ਸਕੂਲ ਬਣਵਾਏ। ਪਹਿਲਾਂ ਦਿੱਲੀ ਵਿਚ 7-8 ਘੰਟਿਆਂ ਤੱਕ ਦੇ ਬਿਜਲੀ ਕੱਟ ਲੱਗਦੇ ਸਨ, ਪਰ ਹੁਣ ਉਥੇ ਕਰੀਬ ਹਰ ਸਮੇਂ ਬਿਜਲੀ ਮਿਲਦੀ ਹੈ। ਮੇਰਾ ਕਸੂਰ ਇਹ ਸੀ ਕਿ ਮੈਂ ਦਿੱਲੀ ਅਤੇ ਪੰਜਾਬ ਵਿਚ ਬਿਜਲੀ ਮੁਫ਼ਤ ਕਰ ਦਿੱਤੀ ਹੈ।"

ਪੁਲਿਸ ਵੱਲੋਂ ਪੰਜ ਦੋਸੀਆ ਨੂੰ ਗ੍ਰਿਫ਼ਤਾਰ ਕਰਕੇ ਉਹਨਾਂ ਪਾਸੋਂ ਦਸਤੀ ਹਥਿਆਰ ਸਮੇਤ ਦੇਸੀ ਪਿਸਤੌਲ ਅਤੇ ਜਿੰਦਾ ਕਾਰਤੂਸ ਬ੍ਰਾਮਦ

ਮਲੇਰਕੋਟਲਾ, 25 ਸਤੰਬਰ
ਦਿਲਦਾਰ ਹੁਸੈਨ
-ਕੌਮੀ ਪੱਤ੍ਰਿਕਾ ਬਿਊਰੋ-

ਸੀਨੀਅਰ ਕਪਤਾਨ ਪੁਲਿਸ ਮਾਲੇਰਕੋਟਲਾ ਸ੍ਰੀ ਗਗਨ ਅਜੀਤ ਸਿੰਘ ਪੀ.ਪੀ.ਐਸ ਜੀ ਦੇ ਦਿਸਾ ਨਿਰਦੇਸਾ ਤਹਿਤ, ਸ੍ਰੀ ਵੈਭਵ ਸਹਿਗਲ ਕਪਤਾਨ ਪੁਲਿਸ (ਇਨਵਸੈਟੀਗੇਸਨ) ਪੀ.ਪੀ.ਐਸ ਮਾਲੇਰਕੋਟਲਾ, ਦੀ ਨਿਗਰਾਨੀ ਹੇਠ ਸ੍ਰੀ ਸ਼ਤੀਸ ਕੁਮਾਰ ਪੀ.ਪੀ.ਐਸ. ਡੀ.ਐਸ.ਪੀ (ਡੀ) ਮਾਲੇਰਕੋਟਲਾ, ਇੰਸਪੈਕਟਰ ਹਰਜਿੰਦਰ ਸਿੰਘ ਇੰਚਾਰਜ ਸੀ.ਆਈ.ਏ ਮਾਹਰਾਣਾ ਅਤੇ ਇੰਸਪੈਕਟਰ ਯਾਦਵਿੰਦਰ ਸਿੰਘ ਮੁੱਖ ਅਫਸਰ ਥਾਣਾ ਸੰਦੌੜ ਦੀਆਂ ਸਪੈਸਲ ਟੀਮਾ ਨੂੰ ਉਸ ਸਮੇਂ ਵੱਡੀ ਸਫਲਤਾ ਹਾਸਲ ਹੋਈ ਜਦੋਂ ਮੁਕੱਦਮਾ ਨੰਬਰ 50 ਮਿਤੀ 22/7/2024 U/S 109(1), 126(2), 115(2), 117(2), 191(3), 190/61(2)1 2NS ਥਾਣਾ ਸੰਦੌੜ ਦੇ ਦੋਸੀਆਨ ਵਿੱਚੋ ਪੰਜ ਦੋਸੀਆ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ ਵਾਰਦਾਤ ਵਿੱਚ ਵਰਤੇ ਦਸਤੀ ਹਥਿਆਰ ਸਮੇਤ ਦੇਸੀ ਪਿਸਤੌਲ ਅਤੇ ਜਿੰਦਾ ਕਾਰਤੂਸ ਬ੍ਰਾਮਦ ਕਰਾਏ ਗਏ।

ਜਿਸ ਸਬੰਧੀ ਸੀਨੀਅਰ ਕਪਤਾਨ ਪੁਲਿਸ ਮਾਲੇਰਕੋਟਲਾ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਮਿਤੀ 21-07-2024 ਨੂੰ ਮੁਦੱਈ ਜਸਵਿੰਦਰ ਸਿੰਘ ਉਰਫ ਨਿਕੜੀ ਅਤੇ ਗੁਰਧਿਆਨ ਸਿੰਘ ਪੁੱਤਰ ਅਵਤਾਰ ਸਿੰਘ ਵਾਸੀਆਨ ਕਲਿਆਣ ਥਾਣਾ ਸੰਦੌੜ ਦੀ ਦੋਸੀਆਨ ਹਰਪ੍ਰੀਤ ਸਿੰਘ ਉਰਫ ਹੈਪੀ ਅਤੇ ਮਨਪ੍ਰੀਤ ਸਿੰਘ ਉਰਫ ਮਨੀ ਪੁੱਤਰਾਨ ਰਜਿੰਦਰ ਸਿੰਘ ਵਾਸੀਆਨ ਕਲਿਆਣ ਵੱਲੋ ਆਪਣੇ ਹੋਰ 20 ਦੇ ਕਰੀਬ ਸਾਥੀਆ ਵੱਲੋਂ ਪਿੰਡ ਕਲਿਆਣ ਵਿਖੇ ਬਿਸਕੁਟਾਂ ਦੀ ਭੱਠੀ ਪਰ ਜਾਨ ਤੋ ਮਾਰਨ ਦੀ ਨੀਯਤ ਨਾਲ ਗੰਡਾਸਿਆ, ਕਿਰਪਾਨਾ, ਰਾੜਾ ਨਾਲ ਬੁਰੀ ਤਰਾਂ ਕੁੱਟ ਮਾਰ ਕੀਤੀ ਗਈ ਸੀ, ਜਿਸ ਕਰਕੇ ਜਸਵਿੰਦਰ ਸਿੰਘ ਵਗੈਰਾ ਦੇ ਬਿਆਨ ਪਰ ਉਕਤ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ ਸੀ । ਜਿਸ ਸਬੰਧੀ ਐਸ.ਐਸ.ਪੀ ਮਾਲੇਰਕੋਟਲਾ ਜੀ ਦੇ ਦਿਸਾ ਨਿਰਦੇਸਾਂ ਅਨੁਸਾਰ ਮਿਤੀ 22-09-2024 ਨੂੰ ਮੁਕੱਦਮਾ ਹਜਾ ਦੇ ਮੁੱਖ ਦੋਸੀ ਹਰਪ੍ਰੀਤ ਸਿੰਘ ਉਰਫ ਹੈਪੀ ਨੂੰ ਸਮੇਤ ਇਸਦੇ 4 ਹੋਰ ਸਹਿ ਦੋਸੀਆਨ ਬਲਜੀਤ ਸਿੰਘ ਉਰਫ ਬੱਬੀ, ਜਸਨਪ੍ਰੀਤ ਸਿੰਘ ਉਰਫ ਜਸਨੀ ਵਾਸੀਆਨ ਕਲਿਆਨ, ਜਸਵਿੰਦਰ ਸਿੰਘ ਉਰਫ ਸਨੀ ਵਾਸੀ ਮਿੱਠੇਵਾਲ ਸਮੇਤ ਦੀਪਕ ਸਿੰਘ ਉਰਫ ਦੀਪਕ ਵਾਸੀ ਪੱਖੋਵਾਲ ਨੂੰ ਗ੍ਰਿਫ਼ਤਾਰ ਕਰਕੇ ਵਾਰਦਾਤ ਸਮੇਂ ਵਰਤੀ ਸਵਿਫਟ ਡਿਜਾਇਰ ਕਾਰ ਸਮੇਤ ਉਸ ਸਮੇਂ ਕਾਬੂ ਕੀਤਾ ਗਿਆ ਜਦੋ ਉਹ ਕਿਸੇ ਹੋਰ ਸਟੇਟ ਵਿੱਚ ਭੱਜਣ ਦੀ ਕੋਸਿਸ ਕਰ ਰਹੇ ਸਨ। ਦੋਸੀਆਨ ਨੂੰ ਮਿਤੀ 23-09-2024 ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ 4 ਦਿਨਾ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ। ਮੁੱਖ ਦੋਸੀਆਨ ਹਰਪ੍ਰੀਤ ਸਿੰਘ ਉਰਫ ਹੈਪੀ ਅਤੇ ਜਸਵਿੰਦਰ ਸਿੰਘ ਉਰਫ ਸਨੀ ਪੁੱਤਰ ਲੱਛਮਣ ਸਿੰਘ ਵਾਸੀ ਮਿੱਠੇਵਾਲ ਪਾਸੋ ਵਾਰਦਾਤ ਵਿੱਚ ਵਰਤੇ ਗਏ ਗੰਡਾਸਿਆ ਸਮੇਤ ਇਹਨਾ ਪਾਸੋ 2 ਦੇਸੀ ਪਿਸਟਲ (ਕੱਟੇ) ਅਤੇ 7 ਜਿੰਦਾ ਕਾਰਤੂਸ ਬ੍ਰਾਮਦ ਕਰਵਾਏ ਗਏ ਹਨ ਅਤੇ ਜੁਰਮ 25/54/59 ਅਸਲਾ ਐਕਟ ਦਾ ਵਾਧਾ ਕੀਤਾ ਗਿਆ ਹੈ।

ਪੰਜਾਬ ਸਰਕਾਰ ਵੱਲੋਂ ਆਂਗਣਵਾੜੀ ਵਰਕਰਾਂ ਦੇ ਮਾਣ ਭੱਤੇ ਲਈ 22.33 ਕਰੋੜ ਰੁਪਏ ਜਾਰੀ : ਡਾ. ਬਲਜੀਤ ਕੌਰ

ਚੰਡੀਗੜ੍ਹ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਵਿੱਚ ਤਹਿਦਿਲੀ ਨਾਲ ਸੇਵਾਵਾਂ ਨਿਭਾਉਣ ਲਈ ਮਾਣ ਭੱਤਾ ਦੇਣ ਦੇ ਮੱਦੇਨਜ਼ਰ 22.33 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ।

ਇਸ ਸਬੰਧੀ ਹੋਰ ਵੇਰਵੇ ਸਾਂਝੇ ਕਰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ: ਬਲਜੀਤ ਕੌਰ ਨੇ ਦੱਸਿਆ ਕਿ ਚਾਲੂ ਵਿੱਤੀ ਸਾਲ 2024-25 ਦੌਰਾਨ ਸਾਲ 2021-22, 2022-23, ਅਤੇ 30 ਸਤੰਬਰ 2024 ਤੱਕ ਕਰਵਾਏ ਗਏ ਸਮਾਜਿਕ ਸਮਾਗਮਾਂ ਲਈ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਮਾਣਭੱਤਾ ਦੇਣ ਲਈ 22.33 ਕਰੋੜ ਰੁਪਏ ਅਲਾਟ ਕੀਤੇ ਗਏ ਹਨ ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਸੂਬੇ ਭਰ ਦੇ ਆਂਗਣਵਾੜੀ ਕੇਂਦਰਾਂ ਵਿੱਚ ਹਰ ਮਹੀਨੇ ਦੀ 14 ਅਤੇ 28 ਤਰੀਕ ਨੂੰ ਸਮਾਜ ਅਧਾਰਤ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ।

ਉਨ੍ਹਾਂ ਸਪੱਸ਼ਟ ਕੀਤਾ ਕਿ ਗਰਭਵਤੀ ਮਾਵਾਂ ਦੀ ਗੋਦ ਭਰਾਈ ਲਈ ਅਤੇ ਦੁੱਧ ਚੁੰਘਦੇ ਬਾਲਾਂ ਦੀਆਂ ਮਾਵਾਂ (ਚੁੰਘਾਵੀਆਂ) ਨੂੰ ਐਸ.ਐਨ.ਪੀ. ਵੰਡਣ ਲਈ ਸਮਾਰੋਹ ਵੀ ਆਯੋਜਿਤ ਕੀਤੇ ਜਾਂਦੇ ਹਨ। ਆਂਗਣਵਾੜੀ ਵਰਕਰਾਂ ਨੂੰ ਪ੍ਰਤੀ ਗਤੀਵਿਧੀ ਲਈ 500 ਰੁਪਏ ਅਤੇ ਸਹਾਇਕਾਂ ਨੂੰ 250 ਰੁਪਏ ਦਿੱਤੇ ਜਾਂਦੇ ਹਨ।

ਡਾ.ਬਲਜੀਤ ਕੌਰ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ 6 ਸਾਲ ਤੱਕ ਦੇ ਬੱਚਿਆਂ ਦੇ ਨਾਲ-ਨਾਲ ਗਰਭਵਤੀ ਔਰਤਾਂ ਅਤੇ ਚੁੰਘਾਵੀਆਂ ਨੂੰ ਆਂਗਣਵਾੜੀ ਕੇਂਦਰਾਂ ਰਾਹੀਂ ਪੂਰਕ ਪੋਸ਼ਣ, ਟੀਕਾਕਰਨ, ਸਿਹਤ ਸਿੱਖਿਆ ਅਤੇ ਰੈਫਰਲ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ, 3-6 ਸਾਲ ਦੀ ਉਮਰ ਦੇ ਬੱਚਿਆਂ ਨੂੰ ਗੈਰ-ਰਸਮੀ ਪ੍ਰੀ-ਸਕੂਲ ਸਿੱਖਿਆ ਦੀ ਪੇਸ਼ਕਸ਼ ਵੀ ਕੀਤੀ ਜਾਂਦੀ ਹੈ।

ਸਮਾਜਿਕ ਸੁਰੱਖਿਆ ਮੰਤਰੀ ਨੇ ਦੁਹਰਾਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਬੱਚਿਆਂ, ਲੜਕੀਆਂ ਅਤੇ ਔਰਤਾਂ ਦੀ ਸਿਹਤ ਵੱਲ ਵਿਸ਼ੇਸ਼ ਧਿਆਨ ਦੇ ਰਹੀ ਹੈ ਅਤੇ ਸੂਬੇ ਭਰ ਦੇ ਆਂਗਣਵਾੜੀ ਕੇਂਦਰਾਂ ਵਿੱਚ ਵੱਖ-ਵੱਖ ਪਹਿਲਕਦਮੀਆਂ ਨੂੰ ਲਾਗੂ ਕਰ ਰਹੀ ਹੈ।

ਮੁੱਖ ਮੰਤਰੀ ਸਿੱਧਾਰਮੱਈਆ ਦੀ ਪਟੀਸ਼ਨ ਹਾਈ ਕੋਰਟ ਵੱਲੋਂ ਖ਼ਾਰਜ

ਬੰਗਲੂਰੂ, 24 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਕਰਨਾਟਕ ਦੇ ਮੁੱਖ ਮੰਤਰੀ ਸਿੱਧਾਰਮੱਈਆ ਨੂੰ ਝਟਕਾ ਦਿੰਦਿਆਂ ਕਰਨਾਟਕ ਹਾਈ ਕੋਰਟ ਨੇ ਮੰਗਲਵਾਰ ਨੂੰ ਉਨ੍ਹਾਂ ਦੀ ਉਹ ਪਟੀਸ਼ਨ ਖ਼ਾਰਜ ਕਰ ਦਿੱਤੀ, ਜਿਸ ਵਿਚ ਉਨ੍ਹਾਂ ਥਾਵਾਂ ਦੀ ਅਲਾਟਮੈਂਟ ਦੇ ਇਕ ਮਾਮਲੇ ਵਿਚ ਆਪਣੇ ਖ਼ਿਲਾਫ਼ ਜਾਂਚ ਕਰਨ ਦੀ ਸੂਬੇ ਦੇ ਰਾਜਪਾਲ ਥਾਵਰ ਚੰਦ ਗਹਿਲੋਤ ਵੱਲੋਂ ਦਿੱਤੀ ਗਈ ਮਨਜ਼ੂਰੀ ਨੂੰ ਚੁਣੌਤੀ ਦਿੱਤੀ ਸੀ। ਰਾਜਪਾਲ ਨੇ ਮੁੱਖ ਮੰਤਰੀ ਦੀ ਪਤਨੀ ਨੂੰ ਮੈਸੂਰ ਅਰਬਨ ਡਿਵੈਲਪਮੈਂਟ ਅਥਾਰਿਟੀ (ਮੂਡਾ) ਵੱਲੋਂ ਅਹਿਮ ਖੇਤਰ ਵਿਚ 14 ਥਾਵਾਂ ਆਲਟ ਕੀਤੇ ਜਾਣ ਦੇ ਮਾਮਲੇ ਵਿਚ ਸਿੱਧਾਰਮੱਈਆ ਖ਼ਿਲਾਫ਼ ਜਾਂਚ ਕਰਨ ਦੀ ਪ੍ਰਵਾਨਗੀ ਦਿੱਤੀ ਸੀ ਅਤੇ ਮੁੱਖ ਮੰਤਰੀ ਨੇ ਇਸ ਫ਼ੈਸਲੇ ਖ਼ਿਲਾਫ਼ ਹਾਈ ਕੋਰਟ ਦਾ ਬੂਹਾ ਖੜਕਾਇਆ ਸੀ। ਇਸ ਸਬੰਧੀ 19 ਅਗਸਤ ਤੋਂ ਛੇ ਬੈਠਕਾਂ ਵਿਚ ਸੁਣਵਾਈ ਕਰਨ ਤੋਂ ਬਾਅਦ ਜਸਟਿਸ ਐਮ ਨਾਗਾਪ੍ਰਸੰਨਾ ਨੇ 12 ਸਤੰਬਰ ਨੂੰ ਆਪਣਾ ਫ਼ੈਸਲਾ ਰਾਖਵਾਂ ਰੱਖ ਲਿਆ ਸੀ। ਅਦਾਲਤ ਨੇ ਨਾਲ ਹੀ ਲੋਕ ਨੁਮਾਇੰਦਿਆਂ ਸਬੰਧੀ ਵਿਸ਼ੇਸ਼ ਅਦਾਲਤ ਨੂੰ ਪਟੀਸ਼ਨ ਦਾ ਫ਼ੈਸਲਾ ਹੋਣ ਤੱਕ ਇਸ ਮਾਮਲੇ ਵਿਚ ਕੋਈ ਕਾਰਵਾਈ ਨਾ ਕਰਨ ਦੇ 19 ਅਗਸਤ ਨੂੰ ਜਾਰੀ ਹੁਕਮਾਂ ਨੂੰ ਵੀ ਅੱਗੇ ਵਧਾ ਦਿੱਤਾ ਸੀ।

ਪਟੀਸ਼ਨ ਰੱਦ ਕਰਨ ਦਾ ਫ਼ੈਸਲਾ ਸੁਣਾਉਂਦਿਆਂ ਜਸਟਿਸ ਨਾਗਾਪ੍ਰਸੰਨਾ ਨੇ ਕਿਹਾ, "ਪਟੀਸ਼ਨ ਵਿਚ ਜਿਨ੍ਹਾਂ ਤੱਥਾਂ ਦੀ ਜਾਣਕਾਰੀ ਦਿੱਤੀ ਗਈ ਹੈ, ਬਿਨਾਂ ਸ਼ੱਕ ਉਨ੍ਹਾਂ ਦੀ ਤਫ਼ਤੀਸ਼ ਦੀ ਲੋੜ ਹੈ।

ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਾਉਣ ਦੀ ਥਾਂ ਖੇਤਾਂ ਵਿੱਚ ਹੀ ਵਾਹੋ : ਡਾ. ਗੋਸਲ

ਪਟਿਆਲਾ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਵਿਖੇ ਕਿਸਾਨ ਮੇਲਾ ਲਗਾਇਆ ਗਿਆ, ਜਿਸ ਵਿਚ ਵੱਡੀ ਗਿਣਤੀ ਕਿਸਾਨਾਂ ਅਤੇ ਕਿਸਾਨ ਬੀਬੀਆਂ ਨੇ ਸ਼ਿਰਕਤ ਕੀਤੀ। ਇਸ ਕਿਸਾਨ ਮੇਲੇ ਵਿਚ ਡਾ. ਸਤਿਬੀਰ ਸਿੰਘ ਗੋਸਲ, ਵਾਈਸ ਚਾਂਸਲਰ, ਪੀ.ਏ.ਯੂ. ਮੁੱਖ ਮਹਿਮਾਨ ਵੱਜੋਂ ਸ਼ਾਮਿਲ ਹੋਏ, ਜਦੋਂ ਕਿ ਡਾ. ਪ੍ਰੀਤੀ ਯਾਦਵ, ਆਈ.ਏ.ਐਸ., ਡਿਪਟੀ ਕਮਿਸ਼ਨਰ, ਪਟਿਆਲਾ ਡਾ. ਪ੍ਰੀਤੀ ਯਾਦਵ ਅਤੇ ਡਾ. ਦਵਿੰਦਰ ਸਿੰਘ ਚੀਮਾ, ਮੈਂਬਰ ਪ੍ਰਬੰਧਕੀ ਬੋਰਡ, ਪੀ.ਏ.ਯੂ., ਵਿਸ਼ੇਸ਼ ਮਹਿਮਾਨ ਵੱਜੋਂ ਸ਼ਾਮਿਲ ਹੋਏ। ਇਸ ਮੌਕੇ ਡਾ. ਜਸਵਿੰਦਰ ਸਿੰਘ, ਪ੍ਰਮੁੱਖ ਖੇਤੀਬਾੜੀ ਅਫਸਰ, ਪਟਿਆਲਾ ਵੀ ਵਿਸ਼ੇਸ਼ ਤੌਰ ਤੇ ਹਾਜ਼ਿਰ ਰਹੇ।

ਕਿਸਾਨਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਡਾ. ਸਤਿਬੀਰ ਸਿੰਘ ਗੋਸਲ ਨੇ ਮੌਜੂਦਾ ਸਮੇਂ ਧਰਤੀ, ਪੌਣ-ਪਾਣੀ ਅਤ

ਗੌਰਮਿੰਟ (ਸਟੇਟ) ਕਾਲਜ ਆਫ਼ ਐਜੂਕੇਸ਼ਨ ਵਿਖੇ ਵੱਖ-ਵੱਖ ਸਕਾਲਰਸ਼ਿਪ ਸਕੀਮਾਂ ਸਬੰਧੀ ਲੈਕਚਰ ਕਰਵਾਇਆ

ਪਟਿਆਲਾ, 25 ਸਤੰਬਰ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਗੌਰਮਿੰਟ (ਸਟੇਟ) ਕਾਲਜ ਆਫ਼ ਐਜੂਕੇਸ਼ਨ, ਪਟਿਆਲਾ ਵਿਖੇ ਪ੍ਰਿੰਸੀਪਲ ਡਾ. ਦਪਿੰਦਰ ਕੌਰ ਦੀ ਅਗਵਾਈ ਹੇਠ ਵੱਖ-ਵੱਖ ਸਕਾਲਰਸ਼ਿਪ ਸਕੀਮਾਂ ਸਬੰਧੀ ਕਾਲਜ ਵਿਖੇ ਲੈਕਚਰ ਕਰਵਾਇਆ ਗਿਆ। ਜਿਸ ਵਿੱਚ ਜਗਦੀਪ ਕੁਮਾਰ ਸ਼ਰਮਾ, ਤਹਿਸੀਲ ਸੋਸ਼ਲ ਜਸਟਿਸ ਐਂਡ ਇੰਮਪਾਵਰਮੈਂਟ ਅਫਸਰ ਨੇ ਬਤੌਰ ਰਿਸੋਰਸ ਪਰਸਨ ਸ਼ਿਰਕਤ ਕੀਤੀ। ਪ੍ਰਿੰਸੀਪਲ ਡਾ. ਦਪਿੰਦਰ ਕੌਰ ਦੁਆਰਾ ਆਏ ਹੋਏ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਰਿਸੋਰਸ ਪਰਸਨ ਜਗਦੀਪ ਕੁਮਾਰ ਸ਼ਰਮਾ ਨੇ ਬੀ.ਐਡ. ਅਤੇ ਐਮ.ਐਡ. ਦੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਨੂੰ ਸਹੀ ਤਰੀਕੇ ਨਾਲ ਅਪਲਾਈ ਕਰਨ ਬਾਰੇ, ਫਰੀਸ਼ਿੱਪ ਕਾਰਡ ਬਾਰੇ, ਸਕਾਲਰਸ਼ਿਪ ਦੇ ਸਟੇਕਹੋਲਡਰਜ਼ ਬਾਰੇ ਅਤੇ ਓ.ਟੀ.ਆਰ. ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਅਤੇ ਸਕਾਲਰਸ਼ਿਪ ਪੋਰਟਲ ਲਿੰਕ ਤੇ ਅਪਲਾਈ ਕਰਨ ਸਮੇਂ ਆ ਰਹੀਆਂ ਸਮੱਸਿਆਵਾਂ ਦਾ ਮੌਕੇ ਤੇ ਹੱਲ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਆਨ ਲਾਈਨ ਅਪਲਾਈ ਕਰਨ ਸਮੇਂ ਉਹ ਆਪਣੇ ਫੋਨ ਅਤੇ ਈ. ਮੇਲ ਆਈ. ਡੀ. ਦੀ ਹੀ ਵਰਤੋਂ ਕਰਨ ਤਾਂ ਜੋ ਕਿਸੇ ਤਰ੍ਹਾਂ ਦੀ ਕੋਈ ਸਮੱਸਿਆ ਆਉਣ ਤੇ ਵਿਦਿਆਰਥੀ ਨਾਲ ਤਾਲਮੇਲ ਕੀਤਾ ਜਾ ਸਕੇ। ਇਸ ਮੌਕੇ ਤੇ ਸ. ਜਸਪਾਲ ਸਿੰਘ ਸੋਢੀ, ਆਡਿਟਰ ਇਨ ਫੂਡ ਐਂਡ ਸਪਲਾਈ, ਜ਼ਿਲ੍ਹਾ ਫਤਹਿਗੜ੍ਹ ਸਾਹਿਬ, ਅਤੇ ਸ੍ਰੀ ਅਭਿਨਵ ਅਤੇ ਕਾਲਜ ਸਟਾਫ਼ ਮੌਜੂਦ ਸਨ। ਸਕਾਲਰਸ਼ਿਪ ਇੰਚਾਰਜ ਡਾ. ਰੁਪਿੰਦਰ ਕੌਰ ਸੋਹੀ ਨੇ ਇਸ ਮੌਕੇ ਮੰਚ ਦਾ ਸੰਚਾਲਨ ਕੀਤਾ। ਡਾ. ਏਕਤਾ ਸ਼ਰਮਾ ਦੁਆਰਾ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ ਅੱਜ

ਪਟਿਆਲਾ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਟਿਆਲਾ ਵਿਖੇ ਅੱਜ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਪਲੈਜ਼ਰ ਕਮਿਊਨੀਕੇਸ਼ਨ ਵੱਲੋਂ ਕੰਪਿਊਟਰ ਆਪਰੇਟਰ, ਕਸਟਮਰ ਕੇਅਰ, ਅਕਾਊਂਟੈਂਟ ਤੇ ਆਫ਼ਿਸ ਮੈਨੇਜਰ-ਕਮ-ਐਚ.ਆਰ ਦੀ ਅਸਾਮੀਆਂ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਸ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਬਿਊਰੋ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਪਲੈਜ਼ਰ ਕਮਿਊਨੀਕੇਸ਼ਨ ਵੱਲੋਂ ਕੰਪਿਊਟਰ ਆਪਰੇਟਰ, ਕਸਟਮਰ ਕੇਅਰ, ਅਕਾਊਂਟੈਂਟ ਤੇ ਆਫ਼ਿਸ ਮੈਨੇਜਰ-ਕਮ-ਐਚ.ਆਰ ਦੀ ਅਸਾਮੀਆਂ ਲਈ ਉਮੀਦਵਾਰਾਂ ਦੀ ਮੰਗ ਕੀਤੀ ਗਈ ਹੈ, ਜਿਨ੍ਹਾਂ ਉਮੀਦਵਾਰਾਂ ਕੋਲ ਬਾਰ੍ਹਵੀਂ ਅਤੇ ਬੇਸਿਕ ਕੰਪਿਊਟਰ ਹੋਵੇ ਉਹ ਕੰਪਿਊਟਰ ਆਪਰੇਟਰ ਦੀ ਅਸਾਮੀ ਲਈ, ਜਿਨ੍ਹਾਂ ਉਮੀਦਵਾਰਾਂ ਕੋਲ ਗਰੈਜੂਏਸ਼ਨ ਹੋਵੇ ਉਹ ਕਸਟਮਰ ਕੇਅਰ ਦੀ ਅਸਾਮੀ ਲਈ, ਜਿਨ੍ਹਾਂ ਉਮੀਦਵਾਰਾਂ ਨੇ ਬੀ.ਕਾਮ ਦੇ ਨਾਲ ਟੈਲੀ ਕੀਤੀ ਹੋਵੇ ਉਹ ਅਕਾਊਂਟੈਂਟ ਦੀ ਅਸਾਮੀ ਲਈ ਅਤੇ ਜਿਨ੍ਹਾਂ ਉਮੀਦਵਾਰਾਂ ਕੋਲ ਗਰੈਜੂਏਸ਼ਨ/ਪੋਸਟ ਗਰੈਜੂਏਸ਼ਨ ਹੋਵੇ ਉਹ ਆਫ਼ਿਸ ਮੈਨੇਜਰ-ਕਮ-ਐਚ.ਆਰ ਲਈ ਇੰਟਰਵਿਊ ਦੇ ਸਕਦੇ ਹਨ। ਜਿਨ੍ਹਾਂ ਉਮੀਦਵਾਰਾਂ ਦੀ ਉਮਰ 18-40 ਸਾਲ ਹੋਵੇ ਅਤੇ ਲੜਕੇ ਤੇ ਲੜਕੀਆਂ ਦੋਵੇਂ ਇਸ ਪਲੇਸਮੈਂਟ ਕੈਂਪ ਵਿੱਚ ਭਾਗ ਲੈ ਸਕਦੇ ਹਨ।

ਨੌਕਰੀ ਦੇ ਚਾਹਵਾਨ ਉਮੀਦਵਾਰ ਇਸ ਪਲੇਸਮੈਂਟ ਕੈਂਪ ਵਿੱਚ ਭਾਗ ਲੈਣ ਲਈ ਆਪਣੀ ਯੋਗਤਾ ਦੇ ਸਾਰੇ ਸਰਟੀਫਿਕੇਟ, ਉਨ੍ਹਾਂ ਦੀਆਂ ਫੋਟੋਕਾਪੀਆਂ ਅਤੇ ਰਜ਼ਿਊਮੇ ਨਾਲ ਲੈ ਕੇ ਸਵੇਰੇ 10 ਵਜੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਬਲਾਕ ਡੀ, ਮਿੰਨੀ ਸਕੱਤਰੇਤ, ਨੇੜੇ ਸੇਵਾ ਕੇਂਦਰ, ਪਟਿਆਲਾ ਵਿਖੇ ਪਹੁੰਚ ਕੇ ਇਸ ਕੈਂਪ ਵਿੱਚ ਹਿੱਸਾ ਲੈਣ।

ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਹੈਲਪ ਲਾਈਨ ਨੰਬਰ 98776-10877 ਤੇ ਸੰਪਰਕ ਕਰ ਸਕਦੇ ਹਨ।

ਸਵੱਛਤਾ ਹੀ ਸੇਵਾ ਮੁਹਿੰਮ ਦੌਰਾਨ 'ਇੱਕ ਰੁੱਖ ਮਾਂ ਦੇ ਨਾਮ' ਤਹਿਤ ਪੀ.ਡੀ.ਏ ਦੇ ਮੁੱਖ ਪ੍ਰਸ਼ਾਸਕ ਨੇ ਲਗਾਏ ਬੂਟੇ

ਪਟਿਆਲਾ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਰਾਜ ਦੇ ਸਵੱਛਤਾ ਹੀ ਸੇਵਾ-2024 ਦੇ ਐਕਸ਼ਨ ਪਲੈਨ ਹੇਠ ਉਲੇਕੇ ਗਏ ਪ੍ਰੋਗਰਾਮ ਨੂੰ ਮਨਾਉਂਦਿਆਂ ਇੱਕ ਰੁੱਖ ਮਾਂ ਦੇ ਨਾਮ ਤਹਿਤ ਪਟਿਆਲਾ ਵਿਕਾਸ ਅਥਾਰਿਟੀ ਦੇ ਮੁੱਖ ਪ੍ਰਸ਼ਾਸ਼ਕ ਮਨੀਸ਼ਾ ਰਾਣਾ ਨੇ ਅਰਬਨ ਅਸਟੇਟ ਵਿਖੇ ਬੂਟੇ ਲਗਾਏ।ਉਨ੍ਹਾਂ ਦੇ ਨਾਲ ਵਧੀਕ ਮੁੱਖ ਪ੍ਰਸ਼ਾਸ਼ਕ ਜਸ਼ਨਪ੍ਰੀਤ ਕੌਰ ਗਿੱਲ ਨੇ ਵੀ ਬੂਟੇ ਲਗਾਏ।

ਮਨੀਸ਼ਾ ਰਾਣਾ ਨੇ ਕਿਹਾ ਕਿ ਸਵੱਛ ਭਾਰਤ ਮਿਸ਼ਨ ਤਹਿਤ ਪੀ.ਡੀ.ਏ ਵੱਲੋਂ ਦੋ ਅਕਤੂਬਰ ਤੱਕ ਵੱਖ-ਵੱਖ ਪ੍ਰੋਗਰਾਮ ਉਲੀਕੇ ਗਏ ਹਨ ਅਤੇ ਰੋਜ਼ਾਨਾ ਹੀ ਗਤੀਵਿਧੀਆਂ ਕਰਦਿਆਂ ਸਵੱਛਤਾ ਹੀ ਸੇਵਾ ਦੀ ਕਾਰਜ ਯੋਜਨਾ ਉਪਰ ਅਮਲ ਕੀਤਾ ਜਾ ਰਿਹਾ ਹੈ।ਉਨ੍ਹਾਂ ਨੇ ਅਰਬਨ ਅਸਟੇਟ ਦੇ ਨਿਵਾਸੀਆਂ ਨੂੰ ਵੀ ਸਾਫ਼-ਸਫ਼ਾਈ ਰੱਖਣ ਤੇ ਬੂਟੇ ਲਾਉਣ ਦੀ ਅਪੀਲ ਕੀਤੀ।

ਇਸ ਦੌਰਾਨ ਅਰਬਨ ਅਸਟੇਟ, ਫੇਜ-2 ਵਿਖੇ ਸਪੈਸ਼ਲ ਪਾਰਕ ਅਤੇ ਫੇਜ-4 ਦੇ ਵਾਟਰ ਵਰਕਸ ਅਤੇ ਐਮ.ਆਰ.ਐਫ ਸੈਂਟਰ ਵਿਖੇ ਵੱਖ-ਵੱਖ ਕਿਸਮ ਦੇ ਬੂਟੇ ਲਗਾਏ ਗਏ।ਇਸ ਪਲਾਂਟੇਸ਼ਨ ਡਰਾਈਵ ਵਿੱਚ ਮੰਡਲ ਇੰਜੀਨੀਅਰ (ਜਸ) ਇੰਜੀ. ਰੰਜੀਵ ਮਾਨਕਟਾਲਾ ਦੇ ਨਾਲ-ਨਾਲ ਪੀ.ਡੀ.ਏ ਦੇ ਵੱਖ-ਵੱਖ ਵਿੰਗਜ਼ ਨਾਲ ਸਬੰਧਤ ਅਧਿਕਾਰੀ ਅਤੇ ਕਰਮਚਾਰੀ ਸ਼ਾਮਿਲ ਸਨ।ਇਹਨਾ ਸਾਰੇ ਅਧਿਕਾਰੀਆਂ ਵੱਲੋਂ ਇਹਨਾਂ ਲਗਾਏ ਗਏ ਬੂਟਿਆਂ ਦੀ ਸਾਂਭ-ਸੰਭਾਲ ਕਰਨ ਸਬੰਧੀ ਪ੍ਰਣ ਵੀ ਕੀਤਾ ਗਿਆ।

ਕੰਬਾਇਨਾਂ ਨਾਲ ਸ਼ਾਮ 7 ਤੋਂ ਸਵੇਰ 8 ਵਜੇ ਤੱਕ ਝੋਨੇ ਦੀ ਕਟਾਈ ਕਰਨ 'ਤੇ ਪਾਬੰਦੀ ਦੇ ਹੁਕਮ

ਪਟਿਆਲਾ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਵਧੀਕ ਜ਼ਿਲ੍ਹਾ ਮੈਜਿਸਟਰੇਟ ਮੈਡਮ ਕੰਚਨ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹੇ ਵਿੱਚ ਸ਼ਾਮ 7.00 ਵਜੇ ਤੋਂ ਸਵੇਰ 8.00 ਵਜੇ ਤੱਕ ਕੰਬਾਇਨਾਂ ਨਾਲ ਝੋਨਾ ਕੱਟਣ ਉਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ।

ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਸਾਲ 2024 ਦੌਰਾਨ ਝੋਨੇ (ਜ਼ੀਰੀ) ਦੀ ਫਸਲ ਦੀ ਕਟਾਈ ਸ਼ੁਰੂ ਹੋ ਰਹੀ ਹੈ।ਆਮ ਤੌਰ ਤੇ ਵੇਖਣ ਵਿੱਚ ਆਇਆ ਹੈ ਕਿ ਝੋਨਾ ਕੱਟਣ ਲਈ ਕੰਬਾਇਨਾਂ 24 ਘੰਟੇ ਕੰਮ ਕਰਦੀਆਂ ਹਨ। ਇਹ ਕੰਬਾਇਨਾਂ ਰਾਤ ਵੇਲੇ ਹਰਾ ਝੋਨਾ ਜਿਹੜਾ ਕਿ ਚੰਗੀ ਤਰ੍ਹਾਂ ਪੱਕਿਆ ਨਹੀਂ ਹੁੰਦਾ, ਭਾਵ ਕੱਚਾ ਦਾਣਾ ਕੱਟ ਦਿੰਦੀਆਂ ਹਨ। ਹਰਾ ਕੱਟਿਆ ਹੋਇਆ ਝੋਨਾ ਸੁੱਕਣ ਉਤੇ ਕਾਲਾ ਪੈ ਜਾਂਦਾ ਹੈ, ਸਵੇਰੇ ਜਲਦੀ ਕੰਬਾਇਨਾਂ ਚੱਲਣ ਨਾਲ ਨਮੀ ਵਾਲੇ ਝੋਨੇ ਦੀ ਮਿਕਦਾਰ ਬਹੁਤ ਜ਼ਿਆਦਾ ਹੋ ਜਾਂਦੀ ਹੈ। ਜਦੋਂ ਇਹ ਸਿੱਲ੍ਹਾ ਝੋਨਾ ਮੰਡੀਆਂ ਵਿੱਚ ਵਿਕਣ ਲਈ ਲਿਆਂਦਾ ਜਾਂਦਾ ਹੈ ਤਾਂ ਨਮੀ ਦੀ ਪ੍ਰਵਾਨਿਤ ਹੱਦ ਨਾਲੋਂ ਜ਼ਿਆਦਾ ਹੋਣ ਕਾਰਨ ਖਰੀਦ ਏਜੰਸੀਆਂ ਖਰੀਦ ਕਰਨ ਤੋਂ ਇਨਕਾਰ ਕਰ ਦਿੰਦੀਆਂ ਹਨ। ਸਿੱਟੇ ਵਜੋਂ ਮੰਡੀਆਂ ਵਿੱਚ ਅਣਵਿਕੇ ਝੋਨੇ ਦੇ ਅੰਬਾਰ ਜਮ੍ਹਾਂ ਹੋ ਜਾਂਦੇ ਹਨ। ਇਸ ਤੋਂ ਇਲਾਵਾ ਬਹੁਤ ਸਾਰੀਆਂ ਪੁਰਾਣੀਆਂ ਹੋ ਚੁੱਕੀਆਂ ਕੰਬਾਇਨਾਂ ਵੀ ਕਟਾਈ ਕਰਦੀਆਂ ਹਨ, ਜੋ ਝੋਨੇ ਦੀ ਕੁਆਲਿਟੀ ਨੂੰ ਪ੍ਰਭਾਵਿਤ ਕਰਦੀਆਂ ਹਨ। ਜਿਸ ਕਰਕੇ ਖਰੀਦ ਏਜੰਸੀਆਂ ਇਸ ਦੀ ਖਰੀਦ ਕਰਨ ਤੋਂ ਹਿਚਕਿਚਾਉਂਦੀਆਂ ਹਨ। ਝੋਨਾ ਸਮੇਂ ਸਿਰ ਨਾ ਵਿਕਣ ਕਾਰਨ ਕਿਸਾਨਾਂ ਵਿੱਚ ਰੋਸ ਪੈਦਾ ਹੁੰਦਾ ਹੈ। ਜਿਸ ਨਾਲ ਅਮਨ ਕਾਨੂੰਨ ਦੀ ਸਥਿਤੀ ਨੂੰ ਖਤਰਾ ਪੈਦਾ ਹੁੰਦਾ ਹੈ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਜ਼ਿਲ੍ਹਾ ਪਟਿਆਲਾ ਅੰਦਰ ਝੋਨੇ ਦੀ ਕਟਾਈ ਕਰਨ ਵਾਲੀਆਂ ਕੰਬਾਇਨਾਂ ਦੇ ਮਾਲਕਾਂ ਨੂੰ ਹਦਾਇਤ ਕੀਤੀ ਕਿ ਕੋਈ ਵੀ ਕੰਬਾਇਨ ਹਾਰਵੈਸਟਰ ਸੁਪਰ ਐਸ.ਐਮ.ਐਸ. ਲਗਾਏ ਬਗੈਰ ਫਸਲ ਦੀ ਕਟਾਈ ਨਹੀ ਕਰੇਗੀ ਅਤੇ ਖੇਤੀਬਾੜੀ ਵਿਭਾਗ ਰਾਹੀਂ ਹਾਰਵੈਸਟਰ ਕੰਬਾਇਨਜ਼ ਦੇ ਓਪਰੇਸ਼ਨ ਬਾਰੇ ਇੰਸਪੈਕਸ਼ਨ ਕਰਵਾਈ ਜਾਵੇ। ਮੁੱਖ ਖੇਤੀਬਾੜੀ ਅਫ਼ਸਰ, ਪਟਿਆਲਾ ਨੂੰ ਇਹਨਾਂ ਹੁਕਮਾਂ ਨੂੰ ਲਾਗੂ ਕਰਵਾਉਣ ਲਈ ਅਗਲੀ ਕਾਰਵਾਈ ਅਮਲ ਵਿੱਚ ਲਿਆਉਣ ਲਈ ਕਿਹਾ ਗਿਆ ਹੈ। ਇਹ ਹੁਕਮ ਜ਼ਿਲ੍ਹੇ ਵਿੱਚ 19 ਨਵੰਬਰ 2024 ਤੱਕ ਲਾਗੂ ਰਹਿਣਗੇ।

ਪੰਜਾਬੀ ਟਾਈਪ ਤੇ ਸ਼ਾਰਟਹੈਂਡ ਦੇ ਦਾਖਲੇ ਲਈ ਉਮੀਦਵਾਰ 26 ਸਤੰਬਰ ਤੱਕ ਫਾਰਮ ਜਮਾਂ ਕਰਵਾਉਣ : ਜ਼ਿਲ੍ਹਾ ਭਾਸ਼ਾ ਅਫ਼ਸਰ

ਪਟਿਆਲਾ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਭਾਸ਼ਾ ਅਫ਼ਸਰ ਮਨਜਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਭਾਸ਼ਾ ਦਫ਼ਤਰ ਪਟਿਆਲਾ ਵੱਲੋਂ ਚਲਦੀਆਂ ਪੰਜਾਬੀ ਟਾਈਪ ਤੇ ਸ਼ਾਰਟਹੈਂਡ ਸ਼੍ਰੇਣੀ ਲਈ ਆਮ ਸ਼੍ਰੇਣੀ ਦੀਆਂ ਚਾਰ ਸੀਟਾਂ ਭਰੀਆਂ ਜਾਣੀਆਂ ਹਨ, ਜਿਨ੍ਹਾਂ ਲਈ ਮੁੱਢਲੀ ਯੋਗਤਾ ਗ੍ਰੈਜੂਏਸ਼ਨ ਹੈ। ਇਨ੍ਹਾਂ ਸ਼੍ਰੇਣੀਆਂ ਵਿੱਚ ਦਾਖਲਾ ਲੈਣ ਦੇ ਚਾਹਵਾਨ ਉਮੀਦਵਾਰ ਜ਼ਿਲ੍ਹਾ ਭਾਸ਼ਾ ਦਫ਼ਤਰ, ਭਾਸ਼ਾ ਭਵਨ, ਸ਼ੇਰਾਂ ਵਾਲਾ ਗੇਟ, ਪਟਿਆਲਾ ਵਿਖੇ ਮਿਤੀ 26 ਸਤੰਬਰ ਸ਼ਾਮ 5 ਵਜੇ ਤੱਕ ਆ ਕੇ ਫਾਰਮ ਭਰ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਇਹ ਕੋਰਸ ਇੱਕ ਸਾਲ ਦਾ ਹੋਵੇਗਾ।

ਵਿਦਿਆਰਥੀਆਂ ਨੇ ਭਾਈ ਘਨ੍ਹਈਆ ਜੀ ਮਿਸ਼ਨ ਅਪਣਾਇਆ : ਕ੍ਰਿਸ਼ਨ ਕੁਮਾਰ ਸੈਣੀ

ਪਟਿਆਲਾ, 25 ਸਤੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਈ ਘਨ੍ਹਈਆ ਜੀ ਦੀਆਂ ਨਿਸ਼ਕਾਮ ਸੇਵਾਵਾਂ ਨੂੰ ਸਨਮਾਨ ਦਿੰਦੇ ਹੋਏ ਉਨ੍ਹਾਂ ਨੂੰ ਫ਼ਰਿਸ਼ਤੇ ਸੰਸਾਰ ਵਿੱਚ ਮੁਢੱਲੀ ਸਹਾਇਤਾ ਦੇ ਜਨਮਦਾਤਾ ਵਜੋਂ, ਅੱਜ ਵੀ ਪੰਜਾਬੀਆਂ ਅਤੇ ਵਿਸ਼ੇਸ਼ ਤੌਰ ਤੇ ਰੈੱਡ ਕਰਾਸ ਨਾਲ ਜੁੜੇ, ਫ਼ਸਟ ਏਡ, ਹੋਮ ਨਰਸਿੰਗ, ਜ਼ਖਮੀਆਂ ਦੀ ਸੇਵਾ ਸੰਭਾਲ ਕਰਨ ਅਤੇ ਟਰੇਨਿੰਗ ਦੇਣ ਵਾਲੇ ਦਿਲ, ਦਿਮਾਗ, ਭਾਵਨਾਵਾਂ, ਵਿਚਾਰਾਂ ਵਿੱਚ ਰੱਖਦੇ ਹਨ ਇਹ ਵਿਚਾਰ ਪੰਜਾਬ ਰੈੱਡ ਕਰਾਸ ਸੁਸਾਇਟੀ ਦੇ ਸੇਵਾ ਮੁਕਤ ਡਿਪਟੀ ਸਕੱਤਰ ਸ੍ਰੀ ਕ੍ਰਿਸ਼ਨ ਕੁਮਾਰ ਸੈਣੀ ਵਲੋਂ ਭਾਈ ਘਨ੍ਹਈਆ ਜੀ ਦਿਵਸ਼ ਮੌਕੇ ਦੋ ਸਕੂਲਾਂ ਵਿਖੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਭਾਈ ਘਨ੍ਹਈਆ ਜੀ ਦੇ ਮਾਨਵਤਾਵਾਦੀ ਕਾਰਜਾਂ ਅਤੇ ਫ਼ਸਟ ਏਡ, ਸੀ ਪੀ ਆਰ, ਜ਼ਖਮੀਆਂ ਦੀ ਸੇਵਾ ਸੰਭਾਲ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਕਿਹਾ ਕਿ ਆਪਣੀ ਸੁਰੱਖਿਆ ਅਤੇ ਪੀੜਤਾਂ ਦੀ ਸਹਾਇਤਾ ਕਰਨ ਲਈ ਹਰ ਸੰਸਥਾ ਵਿਖੇ ਭਾਈ ਘਨ੍ਹਈਆ ਜੀ ਸੇਫਟੀ ਬਚਾਉ ਮਦਦ ਗਰੁੱਪ ਬਣਾਕੇ ਬੱਚਿਆਂ ਨੌਜਵਾਨਾਂ ਅਤੇ ਨਾਗਰਿਕਾਂ ਨੂੰ ਆਫ਼ਤ ਪ੍ਰਬੰਧਨ ਫ਼ਸਟ ਏਡ ਸੀ ਪੀ ਆਰ ਜ਼ਖਮੀਆਂ ਦੀ ਸੇਵਾ ਸੰਭਾਲ ਫਾਇਰ ਸੇਫਟੀ ਦੀ ਟ੍ਰੇਨਿੰਗ ਦਿੱਤੀ ਜਾਵੇ। ਵਿਦਿਆਰਥੀਆਂ ਨੇ ਕਿਹਾ ਕਿ ਉਹ ਆਪਣੇ ਮਾਪਿਆਂ ਘਰ ਪਰਿਵਾਰਾਂ ਨੂੰ ਹਮੇਸ਼ਾ ਸਿਹਤਮੰਦ ਸੁਰੱਖਿਅਤ ਖੁਸ਼ਹਾਲ ਰਖਣ ਲਈ ਵੀ ਹਰ ਪ੍ਰਕਾਰ ਦੀ ਟ੍ਰੇਨਿੰਗ ਲੈਣ ਲਈ ਤਿਆਰ ਹਨ ਤਾਂ ਜੋਂ ਆ ਰਹੀਆਂ ਕੁਦਰਤੀ ਅਤੇ ਮਨੁੱਖੀ ਆਫਤਾਵਾਂ, ਜੰਗਾਂ, ਮਹਾਂਮਾਰੀਆਂ, ਘਰੇਲੂ ਘਟਨਾਵਾਂ, ਹਾਦਸਿਆਂ, ਦੌਰਾਨ ਕੀਮਤੀ ਜਾਨਾਂ ਬਚਾਈਆਂ ਜਾਣ। ਪ੍ਰਿੰਸੀਪਲਾਂ, ਕੁਝ ਮਾਪਿਆਂ ਅਤੇ ਅਧਿਆਪਕਾਂ ਨੇ ਸ਼੍ਰੀ ਸੈਣੀ ਸਾਹਿਬ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਬੱਚਿਆਂ ਅਤੇ ਨੌਜਵਾਨਾਂ ਨੂੰ ਸਮੇਂ ਸਮੇਂ ਭਾਈ ਘਨ੍ਹਈਆ ਜੀ, ਜੀਨ ਹੈਨਰੀ ਡਿਊਨਾ, ਥੈਡਨ ਪਾਵਲ, ਫਲੋਰੈਂਸ ਨਾਈਟਿੰਗੇਲ, ਮਦਰ ਟੈਰੇਸਾ ਅਤੇ ਕੀਮਤੀ ਜਾਨਾਂ ਬਚਾਉਣ ਵਾਲੇ ਪੁਲਿਸ, ਆਰਮੀ, ਡਾਕਟਰਾਂ, ਨਰਸਾਂ ਅਤੇ ਰੈੱਡ ਕਰਾਸ ਦੇ ਵਰਕਰਾਂ ਦਾ ਧੰਨਵਾਦ ਕਰਦੇ ਹੋਏ ਵਿਦਿਆਰਥੀਆਂ ਨੂੰ ਇਸ ਮਿਸ਼ਨ ਨਾਲ ਜੋੜਣਾ ਚਾਹੀਦਾ ਹੈ।

ਕ੍ਰਿਸ਼ੀ ਵਿਗਿਆਨ ਕੇਂਦਰ ਰੌਣੀ ਵਿਖੇ ਕਿਸਾਨ ਮੇਲਾ 26 ਸਤੰਬਰ ਨੂੰ

ਪਟਿਆਲਾ, 25 ਸਤੰਬਰ
--ਕੌਮੀ ਪੱਤ੍ਰਿਕਾ ਬਿਊਰੋ-

"ਕੁਦਰਤੀ ਸੋਮੇ ਬਚਾਓ, ਸਭ ਲਈ ਖ਼ੁਸ਼ਹਾਲੀ ਲਿਆਓ" ਦੇ ਉਦੇਸ਼ ਨਾਲ ਖੇਤਰੀ ਕਿਸਾਨ ਮੇਲਾ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਰੌਣੀ, ਪਟਿਆਲਾ ਵਿਖੇ 26 ਸਤੰਬਰ, 2024 ਨੂੰ ਲਗਾਇਆ ਜਾ ਰਿਹਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੱਖਣ ਸਿੰਘ ਭੁੱਲਰ ਨੇ ਦੱਸਿਆ ਕਿ ਇਸ ਕਿਸਾਨ ਮੇਲੇ ਦੀ ਪ੍ਰਧਾਨਗੀ ਡਾ. ਸਤਬੀਰ ਸਿੰਘ ਗੋਸਲ ਉਪ ਕੁਲਪਤੀ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਕਰਨਗੇ। ਇਸ ਮੇਲੇ ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਕੀਤੀਆਂ ਨਵੀਂਆਂ ਸਿਫ਼ਾਰਸ਼ਾਂ, ਤਕਨੀਕਾਂ ਅਤੇ ਖੇਤੀ ਮਸ਼ੀਨਰੀ ਦੀ ਜਾਣਕਾਰੀ ਦਿੱਤੀ ਜਾਵੇਗੀ। ਮੇ

6 ਸਾਲ ਬਾਅਦ ਕਸ਼ਮੀਰ ਦੇ ਅਨੰਤਨਾਗ ਰੇਲਵੇ ਸਟੇਸ਼ਨ ਤੋਂ 114185 ਰੁਪਏ ਜਮ੍ਹਾ ਨਾ ਕਰਵਾਉਣ 'ਤੇ ਨੋਟਿਸ ਜਾਰੀ

ਏਜੰਸੀਆਂ

ਫਿਰੋਜਪੁਰ 25 ਸਤੰਬਰ। ਕਸਮੀਰ, ਜਿਸਨੂੰ ਧਰਤੀ ਦਾ ਸਵਰਗ ਕਿਹਾ ਜਾਂਦਾ ਹੈ, ਹੁਣ ਉੱਥੇ ਵੀ ਸਰਕਾਰੀ ਖਜਾਨੇ ਵਿੱਚ ਰਕਮ ਨਾ ਜਮ੍ਹਾਂ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। 6 ਸਾਲ ਬਾਅਦ ਇਹ ਮਾਮਲਾ ਖੁਲ੍ਹਿਆ ਹੈ ਅਤੇ ਰੇਲਵੇ ਨੇ ਇਸ ਘਟਨਾ 'ਚ ਸਾਮਲ ਸਿੰਦੂਰਾ ਰੇਲਵੇ ਸਟੇਸਨ ਦੇ ਇੰਚਾਰਜ ਨੂੰ ਐੱਸ ਐੱਫ 5 ਯਾਨੀ ਮੇਜਰ ਪੈਨਲਟੀ ਚਾਰਜਸੀਟ ਜਾਰੀ ਕੀਤੀ ਹੈ। ਜਾਣਕਾਰੀ ਮੁਤਾਬਕ, ਫਿਰੋਜਪੁਰ ਰੇਲਵੇ ਮੰਡਲ ਦੇ ਅਧੀਨ ਆਉਣ ਵਾਲੇ ਅਨੰਤਨਾਗ ਰੇਲਵੇ ਸਟੇਸਨ 'ਤੇ ਤਾਇਨਾਤ ਸਟੇਸਨ ਸੁਪਰਿੰਟੈਂਡੈਂਟ ਨੇ 6 ਦਸੰਬਰ ਤੋਂ 10 ਦਸੰਬਰ 2018 ਤੱਕ ਦਾ ਕੈਸ ਬੈਂਕ ਵਿੱਚ ਜਮ੍ਹਾਂ ਨਹੀਂ ਕਰਵਾਇਆ ਸੀ। ਇਸ ਲਈ ਕਈ ਸਾਲਾਂ ਤੱਕ ਇਹ ਮਾਮਲਾ ਸਾਹਮਣੇ ਨਹੀਂ ਆ ਸਕਿਆ ਪਰ ਇਹ ਮਾਮਲਾ ਫਿਰੋਜਪੁਰ ਰੇਲਵੇ ਮੰਡਲ ਦੀ ਵਪਾਰ ਸਾਖਾ ਦੀ ਜਾਂਚ ਦੌਰਾਨ ਸਾਹਮਣੇ ਆਇਆ। ਇਸ ਮਾਮਲੇ ਦੀ ਜਾਂਚ ਲਈ ਇੱਕ ਟੀਮ ਬਣਾਈ ਗਈ। ਅਧਿਕਾਰੀਆਂ ਦਾ ਕਹਿਣਾ ਹੈ ਕਿ 1,14,185 ਰੁਪਏ ਬੁਕਿੰਗ ਰਕਮ ਜੋ ਅਨੰਤਨਾਗ ਸਟੇਸਨ 'ਤੇ ਮਿਲੀ ਸੀ, ਬੈਂਕ ਵਿੱਚ ਜਮ੍ਹਾਂ ਨਹੀਂ ਹੋਈ ਸੀ। ਇੰਨਾ ਪੈਸਾ ਕਈ ਸਾਲਾਂ ਤੱਕ ਬੈਂਕ ਵਿੱਚ ਨਾ ਜਮ੍ਹਾਂ ਹੋਣ 'ਤੇ ਵੀ ਕਿਸੇ ਨੇ ਧਿਆਨ ਨਹੀਂ ਦਿੱਤਾ। ਜਦੋਂ ਇਹ ਮਾਮਲਾ ਵਪਾਰ ਸਾਖਾ 'ਚ ਪਹੁੰਚਿਆ, ਤਦ ਇਹ ਮਾਮਲਾ ਖੁੱਲ੍ਹ ਗਿਆ ਅਤੇ ਸਟੇਸਨ ਸੁਪਰਿੰਟੈਂਡੈਂਟ ਨੂੰ ਸਿੰਦੂਰਾ ਰੇਲਵੇ ਸਟੇਸਨ 'ਤੇ ਇੰਚਾਰਜ ਬਣਾਉਣ ਤੋਂ ਬਾਅਦ ਇਹ ਮਾਮਲਾ ਸਾਹਮਣੇ ਆਇਆ। ਰੇਲਵੇ ਨੇ ਇਸ ਬਾਰੇ ਕਾਰਵਾਈ ਕਰਕੇ ਸਿੰਦੂਰਾ ਸਟੇਸਨ ਦੇ ਇੰਚਾਰਜ ਨੂੰ ਚਾਰਜਸੀਟ ਜਾਰੀ ਕੀਤੀ ਹੈ। ਫਿਰੋਜਪੁਰ ਰੇਲਵੇ ਮੰਡਲ ਦੇ ਸੀਨੀਅਰ ਡੀਸੀਐੱਮ ਪਰਮਦੀਪ ਸਿੰਘ ਸੈਣੀ ਨੇ ਕਿਹਾ ਕਿ ਵਪਾਰ ਸਾਖਾ ਕਿਸੇ ਵੀ ਅਜਿਹੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੀ ਹੈ ਅਤੇ ਸਿੰਦੂਰਾ ਸਟੇਸਨ ਦੇ ਇੰਚਾਰਜ ਮੁਹੰਮਦ ਇਕਬਾਲ ਨੂੰ ਐੱਸਐੱਫ 5 ਚਾਰਜਸੀਟ ਜਾਰੀ ਕੀਤੀ ਗਈ ਹੈ। ਹਾਲਾਂਕਿ, ਰਕਮ ਹੁਣ ਜਮ੍ਹਾਂ ਕਰ ਦਿੱਤੀ ਗਈ ਹੈ ਪਰ ਰੇਲਵੇ ਹੋਰ ਸਖਤ ਕਾਰਵਾਈ ਕਰਨ ਦੀ ਤਿਆਰੀ ਵਿੱਚ ਹੈ।

ਮੱਧ ਪ੍ਰਦੇਸ਼ ਦੇ ਸਾਜਾਪੁਰ 'ਚ ਦੋ ਨਾਬਾਲਗ ਭਰਾਵਾਂ ਦੀ ਨਦੀ 'ਚ ਡੁੱਬਣ ਨਾਲ ਮੌਤ

ਸਾਜਾਪੁਰ 25 ਸਤੰਬਰ। ਮੱਧ ਪ੍ਰਦੇਸ ਦੇ ਸਾਜਾਪੁਰ ਜਿ?ਲ੍ਹੇ 'ਚ ਇਕ ਨਦੀ 'ਚ ਨਹਾਉਂਦੇ ਸਮੇਂ 8 ਅਤੇ 10 ਸਾਲ ਦੇ ਦੋ ਭਰਾਵਾਂ ਦੀ ਡੁੱਬਣ ਕਾਰਨ ਮੌਤ ਹੋ ਗਈ। ਪੁਲਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ ਹੈ। ਇਕ ਅਧਿਕਾਰੀ ਨੇ ਦੱਸਿਆ ਕਿ ਇਹ ਘਟਨਾ ਜਿ?ਲ੍ਹਾ ਹੈੱਡਕੁਆਰਟਰ ਤੋਂ 40 ਕਿਲੋਮੀਟਰ ਦੂਰ ਮਲਖੇੜੀ ਪਿੰਡ 'ਚ ਸੋਮਵਾਰ ਸਾਮ ਕਰੀਬ 4 ਵਜੇ ਵਾਪਰੀ ਹੈ। ਸਾਲਸਾਲੀ ਥਾਣਾ ਇੰਚਾਰਜ ਜਨਕ ਸਿੰਘ ਰਾਵਤ ਨੇ ਦੱਸਿਆ ਕਿ ਨਹਾਉਂਦੇ ਸਮੇਂ ਦੋਵੇਂ ਭਰਾ ਡੂੰਘੇ ਪਾਣੀ ਵਿਚ ਚਲੇ ਗਏ ਅਤੇ ਡੁੱਬਣ ਕਾਰਨ ਮੌਤ ਹੋ ਗਈ। ਉਹਨਾਂ ਨੇ ਦੱਸਿਆ ਕਿ ਸੋਮਵਾਰ ਸਾਮ ਨੂੰ ਇਕ ਔਰਤ ਨੇ ਲਾਸ ਨਦੀ 'ਚ ਤੈਰਦੀ ਦੇਖ ਕੇ ਪਿੰਡ ਵਾਸੀਆਂ ਨੂੰ ਸੂਚਨਾ ਦਿੱਤੀ। ਬਾਅਦ ਵਿੱਚ ਪਿੰਡ ਵਾਸੀਆਂ ਨੇ ਪੁਲਸ ਨੂੰ ਸੂਚਨਾ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਦੋਵਾਂ ਨਾਬਾਲਗਾਂ ਨੂੰ ਪਾਣੀ 'ਚੋਂ ਬਾਹਰ ਕੱਢ ਕੇ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਮੰਗਲਵਾਰ ਨੂੰ ਪੋਸਟਮਾਰਟਮ ਤੋਂ ਬਾਅਦ ਲਾਸਾਂ ਵਾਰਸਾਂ ਨੂੰ ਸੌਂਪ ਦਿੱਤੀਆਂ ਜਾਣਗੀਆਂ।

ਦਿੱਲੀ ਏਅਰਪੋਰਟ 'ਤੇ ਸ਼ੁਰੂ ਹੋਵੇਗੀ ਏਅਰ ਟ੍ਰੇਨ, ਟਰਮੀਨਲਾਂ ਵਿਚਾਲੇ ਯਾਤਰਾ ਹੋਵੇਗੀ ਹੋਰ ਆਸਾਨ

ਸਰਦੂਲ ਸਿੰਘ

ਨੈਸ਼ਨਲ ਡੈਸਕ 25 ਸਤੰਬਰ। ਦਿੱਲੀ ਏਅਰਪੋਰਟ 'ਤੇ ਟਰਮਿਨਲ 1, 2 ਅਤੇ 3 ਵਿਚਾਲੇ ਛੇਤੀ ਹੀ ਏਅਰ ਟ੍ਰੇਨ ਜਾਂ ਆਟੋਮੇਟਿਡ ਪੀਪੁਲ ਮੂਵਰ ਦਾ ਸੰਚਾਲਨ ਸ਼ੁਰੂ ਹੋਵੇਗਾ। ਦਿੱਲੀ ਇੰਟਰਨੈਸਨਲ ਏਅਰਪੋਰਟ ਲਿਮਟਿਡ () ਨੇ ਇਸ ਪ੍ਰਾਜੈਕਟ ਲਈ ਟੈਂਡਰ ਜਾਰੀ ਕੀਤੇ ਹਨ। ਇਹ ਏਅਰ ਟ੍ਰੇਨ 7.7 ਕਿਲੋਮੀਟਰ ਦੀ ਦੂਰੀ ਤੈਅ ਕਰੇਗੀ ਅਤੇ ਏਅਰੋ ਸਿਟੀ ਅਤੇ ਕਾਰਗੋ ਸਿਟੀ 'ਤੇ ਵੀ ਰੁਕੇਗੀ। ਦੀ 2027 ਦੇ ਅੰਤ ਤੱਕ ਇਸ ਪ੍ਰਾਜੈਕਟ ਨੂੰ ਪੂਰਾ ਕਰਨ ਦੀ ਯੋਜਨਾ ਹੈ। ਇਸ ਨਵੀਂ ਪ੍ਰਣਾਲੀ ਦੇ ਸ਼ੁਰੂ ਹੋਣ ਨਾਲ ਟਰਮੀਨਲਾਂ ਦੇ ਵਿਚਕਾਰ ਚੱਲਣ ਵਾਲੀਆਂ ਡੀਟੀਸੀ ਬੱਸਾਂ ਦੀ ਜਰੂਰਤ ਖਤਮ ਹੋ ਜਾਵੇਗੀ। ਸੂਤਰਾਂ ਮੁਤਾਬਕ, ਹਵਾਈ ਅੱਡੇ ਦਾ ਸੰਚਾਲਨ ਕਰਨ ਵਾਲੀ ਕੰਪਨੀ ਇਸ ਪ੍ਰਾਜੈਕਟ ਲਈ ਟੈਂਡਰ ਹਾਸਲ ਕਰ ਸਕਦੀ ਹੈ। ਇਹ ਭਾਰਤ ਦਾ ਪਹਿਲਾ ਏਅਰਪੋਰਟ ਹੋਵੇਗਾ, ਜਿੱਥੇ ਏਅਰ ਟ੍ਰੇਨ ਚੱਲੇਗੀ। ਇਸ ਪ੍ਰਾਜੈਕਟ ਲਈ ਬੋਲੀ ਅਕਤੂਬਰ-ਨਵੰਬਰ ਵਿਚ ਹੋਵੇਗੀ। ਨੇ ਸਹਿਰੀ ਹਵਾਬਾਜੀ ਮੰਤਰਾਲੇ ਨੂੰ ਆਪਣੇ ਪ੍ਰਸਤਾਵ ਵਿਚ ਕਿਹਾ ਹੈ ਕਿ ਇਹ (ਆਟੋਮੇਟਿਡ ਪੀਪਲ ਮੂਵਰ) ਸਿਸਟਮ ਟਰਮੀਨਲ 1 ਅਤੇ ਟਰਮੀਨਲ 2/3 ਵਿਚਕਾਰ ਤੇਜ ਅਤੇ ਆਸਾਨ ਕੁਨੈਕਟੀਵਿਟੀ ਪ੍ਰਦਾਨ ਕਰੇਗਾ। ਇਹ ਏਅਰੋ ਸਿਟੀ ਅਤੇ ਕਾਰਗੋ ਸਿਟੀ ਤੋਂ ਹੋ ਕੇ ਲੰਘੇਗਾ। ਇਸ ਨਾਲ ਨਾ ਸਿਰਫ ਯਾਤਰੀਆਂ ਦੀ ਸਹੂਲਤ ਹੋਵੇਗੀ ਸਗੋਂ (ਏਅਰਪੋਰਟ ਸਰਵਿਸ ਕੁਆਲਿਟੀ) ਸਕੋਰ ਅਤੇ ਕਾਰਬਨ

ਨਿਕਾਸ ਨੂੰ ਘਟਾਉਣ ਵਿਚ ਵੀ ਮਦਦ ਮਿਲੇਗੀ। ਕੇਂਦਰ ਸਰਕਾਰ ਨੇ ਪਹਿਲਾਂ ਨੂੰ ਹਵਾਈ ਰੇਲ ਰੂਟ 'ਤੇ ਛੇ ਸਟਾਪੇਜ ਹਟਾਉਣ ਲਈ ਕਿਹਾ ਸੀ ਕਿਉਂਕਿ ਇਹ ਸੰਪਰਕ ਸਮਾਂ ਵਧਾ ਰਿਹਾ ਸੀ। ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਦਾ ਪ੍ਰਸਤਾਵ ਨਾ ਸਿਰਫ ਯਾਤਰਾ ਦੇ ਸਮੇਂ ਨੂੰ ਵਧਾ ਰਿਹਾ ਸੀ, ਸਗੋਂ ਗੈਰ-ਟਰਮੀਨਲ ਸਟਾਪਾਂ 'ਤੇ ਸੁਰੱਖਿਆ ਦੀ ਵੀ ਲੋੜ ਸੀ। ਦਿੱਲੀ ਹਵਾਈ ਅੱਡਾ ਭਾਰਤ ਦੇ ਸਭ ਤੋਂ ਵਿਅਸਤ ਹਵਾਈ ਅੱਡਿਆਂ ਵਿੱਚੋਂ ਇਕ ਹੈ, ਜੋ ਹਰ ਸਾਲ ਲਗਭਗ 7 ਕਰੋੜ ਯਾਤਰੀਆਂ ਨੂੰ ਸੰਭਾਲਦਾ ਹੈ। ਏਅਰਪੋਰਟ ਪ੍ਰਸਾਸਨ ਦੀ ਅਗਲੇ 6 ਤੋਂ 8 ਸਾਲਾਂ ਵਿਚ ਇਸ ਸਮਰੱਥਾ ਨੂੰ ਵਧਾ ਕੇ 13 ਕਰੋੜ ਕਰਨ ਦੀ ਯੋਜਨਾ ਹੈ। ਅਨੁਮਾਨਾਂ ਮੁਤਾਬਕ ਦੇ 25 ਫੀਸਦੀ ਯਾਤਰੀ ਆਵਾਜਾਈ ਵਿਚ ਯਾਤਰਾ ਕਰਦੇ ਹਨ, ਇਸ ਲਈ ਟਰਮੀਨਲ 1 ਅਤੇ ਟਰਮੀਨਲ 2/3 ਵਿਚਕਾਰ ਨਿਰਵਿਘਨ ਆਵਾਜਾਈ ਦੀ ਸਹੂਲਤ ਲਈ ਏਅਰ ਟ੍ਰੇਨ ਦੀ ਜਰੂਰਤ ਹੋਰ ਵੀ ਵੱਧ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਏਅਰ ਟ੍ਰੇਨਾਂ ਤੋਂ ਬਿਨਾਂ ਇੰਨੀ ਵੱਡੀ ਗਿਣਤੀ 'ਚ ਯਾਤਰੀਆਂ ਨੂੰ ਸੰਭਾਲਣਾ ਮੁਸਕਲ ਹੋਵੇਗਾ। ਵਿਸਵ ਪੱਧਰ 'ਤੇ ਹਵਾਈ ਰੇਲ ਦੀ ਪਹੁੰਚ ਅਕਸਰ ਯਾਤਰੀਆਂ ਲਈ ਮੁਫਤ ਹੁੰਦੀ ਹੈ। ਕਈ ਥਾਵਾਂ 'ਤੇ ਇਸ ਨੂੰ ਪਾਰਕਿੰਗ ਅਤੇ ਲੈਂਡਿੰਗ ਚਾਰਜਿਜ ਵਿਚ ਜੋੜਿਆ ਜਾਂਦਾ ਹੈ। ਉਦਾਹਰਨ ਲਈ, ਮੁੰਬਈ ਹਵਾਈ ਅੱਡੇ 'ਤੇ ਘਰੇਲੂ ਯਾਤਰੀਆਂ ਤੋਂ ਮੈਟਰੋ ਲਈ 20 ਰੁਪਏ ਅਤੇ ਅੰਤਰਰਾਸਟਰੀ ਯਾਤਰੀਆਂ ਤੋਂ 120 ਰੁਪਏ ਲਏ ਗਏ ਸਨ। ਪਰ ਮੈਟਰੋ ਕੁਨੈਕਟੀਵਿਟੀ ਦੀ ਕੀਮਤ ਗਿਣਨ ਤੋਂ ਬਾਅਦ ਇਹ ਚਾਰਜ ਬੰਦ ਕਰ ਦਿੱਤਾ ਗਿਆ ਸੀ। ਇਸ ਏਅਰ ਟ੍ਰੇਨ ਕਾਰਨ ਦਿੱਲੀ ਏਅਰਪੋਰਟ 'ਤੇ ਯਾਤਰੀਆਂ ਦੀ ਯਾਤਰਾ ਹੋਰ ਸੌਖੀ ਅਤੇ ਸੁਵਿਧਾਜਨਕ ਹੋਣ ਦੀ ਉਮੀਦ ਹੈ।

ਪੁਰਾਣੇ ਮਕਾਨ ਵਿਚ ਰਹਿੰਦੇ ਹਨ 134 ਕੰਪਨੀਆਂ ਦੇ ਮਾਲਕ ਅਨੰਦ ਮਹਿੰਦਰਾ

ਕਿਸ਼ਨ ਪਾਲ

ਮੁੰਬਈ 25 ਸਤੰਬਰ। 'ਮਹਿੰਦਰਾ ਐਂਡ ਮਹਿੰਦਰਾ ਗਰੁੱਪ' ਦੇ ਮਾਲਕ ਆਨੰਦ ਮਹਿੰਦਰਾ ਬਹੁਤ ਵੱਡੇ ਕਾਰੋਬਾਰੀ ਹਨ। ਇਸ ਦੇ ਬਾਵਜੂਦ ਆਨੰਦ ਮਹਿੰਦਰਾ ਲੋਕਾਂ ਦੀ ਮਦਦ ਲਈ ਵੀ ਅੱਗੇ ਰਹਿੰਦੇ ਹਨ। ਆਟੋਮੋਬਾਇਲ ਇੰਡਸਟਰੀ 'ਚ ਕਾਰੋਬਾਰ ਸ਼ੁਰੂ ਕਰਨ ਵਾਲੇ ਆਨੰਦ ਮਹਿੰਦਰਾ ਦੇ ਮਹਿੰਦਰਾ ਗਰੁੱਪ ਦਾ ਬਿਜਨੈੱਸ ਅੱਜ 100 ਤੋਂ ਵੱਧ ਦੇਸਾਂ ਵਿੱਚ ਫੈਲਿਆ ਹੋਇਆ ਹੈ, ਜਿਸ ਵਿੱਚ ਕੁਲ 134 ਕੰਪਨੀਆਂ ਰਜਿਸਟਰਡ ਹਨ। ਆਨੰਦ ਮਹਿੰਦਰਾ ਲਗਜਰੀ ਲਾਈਫ ਬਤੀਤ ਕਰਦੇ ਹਨ। ਉਨ੍ਹਾਂ ਦੀ ਦੇਸ-ਵਿਦੇਸ 'ਚ ਕਰੋੜਾਂ ਰੁਪਏ ਦੀ ਜਾਇਦਾਦ ਹੈ। ਉਨ੍ਹਾਂ ਦਾ ਮੁੰਬਈ 'ਚ ਇਕ ਆਲੀਸਾਨ ਘਰ ਹੈ। ਆਨੰਦ ਮਹਿੰਦਰਾ ਦੇਸ ਦੇ ਅੰਦਰ ਅਤੇ ਵਿਦੇਸਾਂ ਵਿੱਚ ਯਾਤਰਾ ਕਰਨ ਲਈ ਨਿੱਜੀ ਜੈੱਟ ਦੀ ਵਰਤੋਂ ਕਰਦੇ ਹਨ। ਇੰਨਾ ਪੈਸਾ ਹੋਣ ਦੇ ਬਾਵਜੂਦ ਉਹ ਆਪਣੇ ਦਾਨੀ ਸੁਭਾਅ ਅਤੇ ਸਾਦਗੀ ਲਈ ਜਾਣੇ ਜਾਂਦੇ ਹਨ । ਆਨੰਦ ਮਹਿੰਦਰਾ ਆਪਣੀਆਂ ਜੜ੍ਹਾਂ ਨਾਲ ਜੁੜੇ ਹੋਏ ਹਨ ਅਤੇ ਆਪਣੇ ਦਾਦੇ ਦੇ ਪੁਰਾਣੇ ਘਰ ਵਿੱਚ ਰਹਿੰਦੇ ਹਨ ।ਆਨੰਦ ਮਹਿੰਦਰਾ ਦੇ ਦਾਦਾ ਜੀ , ਕੇਸੀ ਮਹਿੰਦਰਾ ਮੁੰਬਈ ਦੇ ਨੇਪੀਅਨ ਸੀ ਰੋਡ 'ਤੇ ਇੱਕ ਕਿਰਾਏ ਦੇ ਮਕਾਨ ਵਿੱਚ ਰਹਿੰਦੇ ਸਨ । ਇਹ ਉਹ ਸਮਾਂ ਸੀ ਜਦੋਂ ਆਨੰਦ ਮਹਿੰਦਰਾ ਦਾ ਜਨਮ ਵੀ ਨਹੀਂ ਸੀ ਹੋਇਆ । ਇਸ ਦੇ ਬਾਵਜੂਦ ਆਨੰਦ ਮਹਿੰਦਰਾ ਕਈ ਸਾਲ ਆਪਣੇ ਦਾਦੇ ਦੇ ਘਰ ਵਿੱਚ ਰਹੇ । ਕਈ ਸਾਲਾਂ ਬਾਅਦ ਬਿਲਡਰਾਂ ਨੇ ਇਸ ਘਰ ਨੂੰ ਤੋੜਕੇ ਨਵੀਂ ਬਿਲਡਿੰਗ ਬਣਾਉਣ ਦਾ ਫੈਸਲਾ ਲਿਆ। ਜਦੋਂ ਇਹ ਖਬਰ ਆਨੰਦ ਮਹਿੰਦਰਾ ਤੱਕ ਪਹੁੰਚੀ ਤਾਂ ਉਹਨਾਂ ਨੇ ਤੁਰੰਤ ਇਸ ਮਕਾਨ ਨੂੰ ਖਰੀਦਣ ਦਾ

ਫੈਸਲਾ ਲਿਆ । ਖਬਰਾਂ ਦੀ ਮੰਨੀਏ ਤਾਂ ਆਨੰਦ ਮਹਿੰਦਰਾ ਨੇ ਇਹ ਘਰ 270 ਕਰੋੜ ਰੁਪਏ ਦੇ ਕੇ ਖਰੀਦਿਆ ਸੀ। ਕਿਉਂਕਿ ਇਸ ਘਰ ਨਾਲ ਉਸ ਦੇ ਦਾਦੇ ਦੀਆਂ ਯਾਦਾਂ ਜੁੜੀਆਂ ਹੋਈਆਂ ਸਨ । ਇਸ ਮਕਾਨ ਦਾ ਨਾਂ ਗੁਲਿਸਤਾਨ ਹੈ, ਜਿਸਦਾ ਅਰਥ ਹੈ ਫੁੱਲਾਂ ਦੀ ਧਰਤੀ। ਸੋ ਆਨੰਦ ਮਹਿੰਦਰਾ ਦੀ ਇਸ ਸਾਦਗੀ ਨੂੰ ਹਰ ਕੋਈ ਪਸੰਦ ਕਰਦਾ ਹੈ । ਆਨੰਦ ਮਹਿੰਦਰਾ ਦਾ ਜਨਮ 1 ਮਈ 1955 ਨੂੰ ਹੋਇਆ ਸੀ। ਹਾਰਵਰਡ ਬਿਜਨੈੱਸ ਸਕੂਲ ਤੋਂ ਗ੍ਰੈਜੂਏਟ ਹੋਣ ਤੋਂ ਬਾਅਦ ਉਨ੍ਹਾਂ ਨੇ 1981 ਵਿੱਚ ਇਕ ਮੈਨੇਜਮੈਂਟ ਟ੍ਰੇਨੀ ਵਜੋਂ ਮਹਿੰਦਰਾ ਯੂਜੀਨ ਸਟੀਲ ਕੰਪਨੀ ਨੂੰ ਜੁਆਇਨ ਕੀਤਾ। 1989 ਵਿੱਚ ਉਹ ਮਹਿੰਦਰਾ ਯੂਜੀਨ ਸਟੀਲ ਕੰਪਨੀ ਦੇ ਡਾਇਰੈਕਟਰ ਬਣੇ। ਸਾਲ 1991 'ਚ ਮਹਿੰਦਰਾ ਐਂਡ ਮਹਿੰਦਰਾ ਵਿੱਚ ਡਿਪਟੀ ਐੱਮਡੀ ਵਜੋਂ ਸਾਮਲ ਹੋਏ। ਆਨੰਦ ਮਹਿੰਦਰਾ ਬਹੁਤ ਹੀ ਆਲੀਸਾਨ ਜੀਵਨ ਬਤੀਤ ਕਰਦੇ ਹਨ। ਉਨ੍ਹਾਂ ਕੋਲ ਦੁਨੀਆ ਦੀਆਂ ਕਈ ਬਿਹਤਰੀਨ ਗੱਡੀਆਂ ਦੀ ਕੁਲੈਕਸ਼ਨ ਹੈ।

ਬੁੱਢੇ ਨਾਲੇ ਵਿਚ ਗੋਹਾ ਸੁੱਟਣ ਵਾਲੇ ਡੇਅਰੀ ਮਾਲਕਾਂ ਨੂੰ ਦੋ ਦਿਨ ਦੀ ਮੋਹਲਤ

ਲੁਧਿਆਣਾ 25 ਸਤੰਬਰ। ਬੁੱਢੇ ਨਾਲੇ 'ਚ ਪ੍ਰਦੂਸ਼ਣ ਦੀ ਸਮੱਸਿਆ ਕਾਰਨ ਬਣ ਰਹੇ ਗੋਹਾ ਸੁੱਟਣ ਵਾਲੇ ਡੇਅਰੀ ਮਾਲਕਾਂ ਖਿਲਾਫ ਨਗਰ ਨਿਗਮ ਨੇ ਸਖਤ ਰੁਖ ਅਖਤਿਆਰ ਕਰ ਲਿਆ ਹੈ, ਜਿਨ੍ਹਾਂ ਨੂੰ ਬੁੱਢੇ ਨਾਲੇ 'ਚ ਗੋਹਾ ਸੁੱਟਣ ਤੋਂ ਰੋਕਣ ਲਈ 2 ਦਿਨ ਦੀ ਮੋਹਲਤ ਦਿੱਤੀ ਗਈ ਹੈ, ਜਿਸ ਤੋਂ ਬਾਅਦ ਬਿਜਲੀ ਅਤੇ ਸੀਵਰੇਜ ਕੁਨੈਕਸ਼ਨ ਕੱਟਣ ਦੇ ਨਾਲ ਸੀਲਿੰਗ ਦੀ ਪੁਖਤਾ ਕਾਵਾਈ ਕੀਤੀ ਜਾਵੇਗੀ। ਹਾਲਾਂਕਿ ਇਸ ਤੋਂ ਪਹਿਲਾਂ ਗੋਹੇ ਦੀ ਡਿਸਪੋਜ਼ਲ ਦੇ ਬਦਲਵੇਂ ਪ੍ਰਬੰਧ ਕਰਨ ਲਈ ਹੈਬੋਵਾਲ ਅਤੇ ਤਾਜਪੁਰ ਰੋਡ ਸਥਿਤ ਡੇਅਰੀ ਮਾਲਕਾਂ ਨੂੰ ਨੋਟਿਸ ਜਾਰੀ ਕੀਤਾ ਜਾਵੇਗਾ, ਜਿਸ ਦੇ ਲਈ ਨਗਰ ਨਿਗਮ ਕਮਿਸ਼ਨਰ ਆਦਿੱਤਿਆ ਵੱਲੋਂ ਸੋਮਵਾਰ ਨੂੰ ਹੋਈ ਮੀਟਿੰਗ ਦੌਰਾਨ ਟੀਮਾਂ ਬਣਾਈਆਂ ਗਈਆਂ ਹਨ, ਜਿਸ ਵਿਚ ਓ. ਐਂਡ ਐੱਮ. ਸੈੱਲ ਦੇ ਨਾਲ ਪੀ. ਪੀ. ਸੀ. ਬੀ., ਸੀਵਰੇਜ ਬੋਰਡ ਅਤੇ ਬਿਜਲੀ ਬੋਰਡ ਦੇ ਅਧਿਕਾਰੀਆਂ ਨੂੰ ਸ਼ਾਮਲ ਕੀਤਾ ਗਿਆ ਹੈ।

ਸ਼ਰਾਧਾ ਦੀ ਮੱਸਿਆ ਮੌਕੇ ਸੂਰਜ ਗ੍ਰਹਿਣ, ਕੀ ਸ਼ਰਾਧ ਕਰ ਸਕਦੇ ਹਾਂ?

ਨਵੀਂ ਦਿੱਲੀ 25 ਸਤੰਬਰ। 2024 ਦੀ ਪਿੱਤਰ ਮੱਸਿਆ ਵਾਲੇ ਦਿਨ 2 ਅਕਤੂਬਰ ਨੂੰ ਇੱਕ ਵੱਡਾ ਘਟਨਾ ਹੋਣ ਜਾ ਰਹੀ ਹੈ, ਕਿਉਂਕਿ ਇਸ ਦਿਨ ਸੂਰਜ ਗ੍ਰਹਿਣ ਵੀ ਲੱਗਣ ਵਾਲਾ ਹੈ। ਸੂਰਜ ਗ੍ਰਹਿਣ ਦੌਰਾਨ ਜਿਥੇ ਹਰ ਤਰ੍ਹਾਂ ਦੇ ਧਾਰਮਿਕ ਕੰਮ ਕਰਨ ਦੀ ਮਨਾਹੀ ਹੁੰਦੀ ਹੈ, ਉਥੇ ਹੀ ਹੁਣ ਪਿੱਤਰ ਮੱਸਿਆ ਦੌਰਾਨ ਲੱਗਣ ਵਾਲੇ ਗ੍ਰਹਿਣ ਨੇ ਵੀ ਸਭ ਨੂੰ ਸੋਚੀ ਪਾ ਦਿੱਤਾ ਹੈ ਕਿ ਇਸ ਦਿਨ ਆਖਿਰ ਪੂਰਵਜਾਂ ਨਮਿਤ ਸ਼ਰਾਧ ਤੇ ਵਿਦਾਈ ਕਿਵੇਂ ਕੀਤੀ ਜਾਵੇ। ਅਸੀਂ ਤਹਾਨੂੰ ਦੱਸਣ ਜਾ ਰਹੇ ਹਾਂ ਤੁਹਾਡੇ ਅਜਿਹੇ ਹੀ ਸਵਾਲਾਂ ਦੇ ਜਵਾਬ। ਪਹਿਲਾਂ ਗੱਲ ਕਰ ਲਈਏ ਸਰਵਪਿਤਰੀ ਮੱਸਿਆ ਦੀ ਤਾਂ ਦੱਸ ਦਈਏ ਕਿ ਇਸ ਦਿਨ ਪੂਰਵਜਾਂ ਦੀ ਵਿਦਾਈ ਕੀਤੀ ਜਾਂਦੀ ਹੈ। ਅੱਸੂ ਮਹੀਨੇ ਦੇ ਕ੍ਰਿਸਨ ਪੱਖ ਦੀ ਮੱਸਿਆ ਨੂੰ ਸਰਵ ਪਿੱਤਰ ਮੱਸਿਆ ਕਿਹਾ ਜਾਂਦਾ ਹੈ। ਇਸ ਦਿਨ ਸਾਰੇ ਪੂਰਵਜਾਂ ਦੇ ਸਰਾਧ ਦੀਆਂ ਰਸਮਾਂ ਨਿਭਾਈਆਂ ਜਾਂਦੀਆਂ ਹਨ। ਸਰਵਪਿਤਰੀ ਮੱਸਿਆ ਵਿਸੇਸ ਮਹੱਤਵ ਹੈ। ਸਰਵਪਿਤਰੀ ਮੱਸਿਆ ਵਾਲੇ ਦਿਨ ਉਨ੍ਹਾਂ ਸਾਰਿਆਂ ਦਾ ਵੀ ਸਰਾਧ ਕੀਤਾ ਜਾਂਦਾ ਹੈ, ਜਿਨ੍ਹਾਂ ਦਾ ਸਰਾਧ ਕਿਸੇ ਕਾਰਨ ਕਰਕੇ ਰਹਿ ਜਾਂਦਾ ਹੈ। ਪਰ, ਇਸ ਵਾਰ ਸਰਵਪਿਤਰੀ ਮੱਸਿਆ 'ਤੇ ਵੀ ਸੂਰਜ ਗ੍ਰਹਿਣ ਲੱਗ ਰਿਹਾ ਹੈ। ਅਜਿਹੀ ਸਥਿਤੀ ਵਿੱਚ, ਆਓ ਜਾਣਦੇ ਹਾਂ ਸਰਵਪਿਤਰੀ ਮੱਸਿਆ ਕਦੋਂ ਹੈ, ਇਸਦਾ ਮਹੱਤਵ ਅਤੇ ਕੀ ਅਸੀਂ ਇਸ ਦਿਨ ਸਰਾਧ ਦੀਆਂ ਰਸਮਾਂ ਕਰ ਸਕਦੇ ਹਾਂ। ਹਿੰਦੂ ਕੈਲੰਡਰ ਦੇ ਅਨੁਸਾਰ, ਮੱਸਿਆ 1 ਅਕਤੂਬਰ ਨੂੰ ਰਾਤ 9.40 ਵਜੇ ਸ਼ੁਰੂ ਹੋਵੇਗੀ। ਸਰਵਪਿਤਰੀ ਮੱਸਿਆ 2 ਅਕਤੂਬਰ ਨੂੰ ਦੁਪਹਿਰ 2:19 ਵਜੇ ਸਮਾਪਤ ਹੋਵੇਗੀ। ਅਜਿਹੀ ਸਥਿਤੀ ਵਿੱਚ ਸਰਵਪਿਤਰੀ